# ਪ੍ਰਮੇਸ਼ਵਰ ਦਾ ਵਚਨ ਬੇਪ੍ਰਤੀਤੀ ਨਾਲੋਂ ਪੂਰੀ ਤਰਾਂ ਅਲੱਗ ਹੋਣ ਲਈ ਕਹਿੰਦਾ ਹੈ

ਆਉ ਅਸੀਂ ਪ੍ਰਾਰਥਨਾ ਦੇ ਲਈ ਥੋੜੀ ਦੇਰ ਖੜੇ ਹੋ ਜਾਵਾਂਗੇ। ਆਉ ਅਸੀਂ ਸਿਰਾਂ ਨੂੰ ਝੁਕਾਵਾਂਗੇ। ਅੱਜ ਰਾਤ ਇਸ ਸਭਾ ਵਿਚੋਂ ਇਥੇ ਕੋਈ ਅਜਿਹਾ ਹੈ ਜੋ ਚਾਹੁੰਦਾ ਹੈ ਕਿ ਉਸਨੂੰ ਪ੍ਰਾਰਥਨਾ ਵਿੱਚ ਯਾਦ ਰੱਖਿਆ ਜਾਵੇ? ਜਿਵੇਂ ਕਿ ਅਸੀਂ ਆਪਣੇ ਹੱਥਾਂ ਨੂੰ ਖੜੇ ਕਰਦੇ ਹਾਂ ਤੁਸੀਂ ਆਪਣੀਆਂ ਬੇਨਤੀਆਂ ਦੱਸੋ। ਠੀਕ ਹੈ।

ਸਾਡੇ ਸਵਰਗੀ ਪਿਤਾ, ਅਸੀਂ ਅੱਜ ਰਾਤ ਪ੍ਰਭੂ ਯਿਸੂ ਮਸੀਹ ਦੇ ਨਾਂ ਵਿੱਚ ਤੇਰੀ ਮਹਾਨ ਪਵਿੱਤਰਤਾ ਦੇ ਅੰਦਰ ਜਾਂਦੇ ਹਾਂ, ਇਸ ਵਾਦੇ ਦੇ ਨਾਲ, ਕਿ, "ਜੇ ਤੁਸੀਂ ਮੇਰੇ ਨਾਂ ਵਿੱਚ ਪਿਤਾ ਕੋਲੋਂ ਕੁਝ ਵੀ ਮੰਗੋ," ਤੇ ਉਹ ਦਿੱਤਾ ਜਾਵੇ। ਅਸੀਂ ਜਾਣਦੇ ਹਾਂ ਕਿ ਇਹ ਸਚ ਹੈ ਕਿਉਂਕਿ ਇਹ ਤੇਰਾ ਵਚਨ ਹੈ। ਅਸੀਂ ਇਥੇ ਤੇਰੇ ਬੀਮਾਰ ਬੱਚਿਆਂ ਲਈ ਪ੍ਰਾਰਥਨਾ ਕਰ ਰਹੇ ਹਾਂ ਅਤੇ ਇਹ ਵੇਖਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਅਸੀਂ ਕਿਸ ਤਰ੍ਹਾਂ ਵਿਸ਼ਵਾਸ ਨੂੰ ਉਤਸ਼ਾਹਿਤ ਕਰ ਸਕੀਏ। ਪਿਤਾ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਅੱਜ ਰਾਤ ਤੂੰ ਸਾਨੂੰ ਉਤਸ਼ਾਹਿਤ ਕਰ। ਜਿਨ੍ਹਾਂ ਨੇ ਆਪਣੇ ਹੱਥ ਖੜੇ ਕੀਤੇ ਹਨ ਉਹਨਾਂ ਦੀਆਂ ਬੇਨਤੀਆਂ ਨੂੰ ਕਬੂਲ ਕਰ। ਅਤੇ ਹੋ ਸਕਦਾ ਹੈ ਕਿ ਉਹਨਾਂ ਵਿਚੋਂ ਕਈਆਂ ਕੋਲ ਬੇਨਤੀਆਂ ਹੋਣ ਪਰ ਉਹਨਾਂ ਨੇ ਆਪਣੇ ਹੱਥ ਖੜੇ ਨਹੀ ਕੀਤੇ, ਪਿਤਾ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਉਹਨਾਂ ਨੂੰ ਵੀ ਤੂੰ ਕਬੂਲ ਕਰ। ਅੱਜ ਰਾਤ ਸਾਡੇ ਇੱਥੇ ਇਕੱਠੇ ਹੋਣ ਤੇ ਤੈਨੂੰ ਮਹਿਮਾ ਮਿਲੇ, ਤੇਰੇ ਨਾਂ ਵਿੱਚ ਅਸੀਂ ਪ੍ਰਾਰਥਨਾ ਮੰਗਦੇ ਹਾਂ, ਆਮੀਨ।

ਤੁਸੀਂ ਬੈਠ ਸਕਦੇ ਹੋ।

ਮੈਂ ਸੋਚਦਾ ਹਾਂ ਕਿ ਮੈਂ ਇਸਦੀ ਅਦਲਾ ਬਦਲੀ ਦਾ ਦੋਸ਼ੀ ਹਾਂ। ਪਰ ਮੈਂ ਹਮੇਸ਼ਾ ਆਪਣੀ ਅਵਾਜ਼ ਦੇ ਖਰਾਬ ਹੋਣ ਤੋਂ ਡਰਦਾ ਹਾਂ, ਮੈਂ ਉਨ੍ਹਾਂ ਉੱਚੀ ਨਹੀ ਬੋਲ ਸਕਦਾ ਕਿ ਤੁਸੀਂ...ਕੀ ਤੁਸੀਂ ਪਿੱਛੇ ਮੇਰੀ ਅਵਾਜ ਨੂੰ ਸੁਣ ਸਕਦੇ ਹੋ? ਪਿੱਛੇ, ਕੀ ਤੁਸੀਂ ਠੀਕ ਤਰ੍ਹਾਂ ਨਾਲ ਸੁਣ ਸਕਦੇ ਹੋ? ਹਾਂ, ਕੁਝ ਤਾਂ ਹੈ, ਕੀ ਇਹ ਨਹੀ ਹੈ? ਠੀਕ ਹੈ।

ਹੁਣ ਅੱਜ ਰਾਤ, ਅਸੀਂ ਇਸ ਫੁੱਲ ਗੋਸ੍ਪੇਲ ਬਿਜਨਸਮੈਨ ਦੀ ਕੰਨਵੇਨਸ਼ਨ ਤੋਂ ਪਹਿਲਾਂ ਇੱਥੇ ਆ ਕੇ ਖੁਸ਼ ਹਾਂ। ਅਸੀਂ ਉਸ ਸਮੇਂ ਦੀ ਮਹਾਨ ਬਰਕਤ ਦਾ ਇੰਤਜ਼ਾਰ ਕਰ ਰਹੇ ਹਾਂ। ਮੈਂ ਪ੍ਰਾਰਥਨਾਂ ਕਰਦਾ ਹਾਂ ਕਿ ਪਵਿੱਤਰ ਆਤਮਾ ਅੱਜ ਰਾਤ ਸਾਡੇ ਵਿਚਕਾਰ ਕੁਝ ਕਰੇ ਤਾਂ ਕਿ ਸਾਨੂੰ ਬਦਲਾਂ ਦੇ ਵਿੱਚ ਲੈ ਜਾਵੇ ਜਿਵੇਂ ਕੰਨਵੇਨਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਹੋਇਆ ਸੀ। ਅਤੇ ਅਸੀਂ...ਕੰਨਵੇਨਸ਼ਨ ਇਸ ਕਰਕੇ ਨਹੀ ਹੈ ਕਿ ਅਸੀਂ ਸਾਰੇ ਆ ਕੇ ਇੱਥੇ ਇੱਕ ਦੂਜੇ ਨੂੰ ਮਿਲਣ ਲਈ ਇੱਕਠੇ ਹੋ ਜਾਈਏ, ਪਰ ਅਸੀਂ—ਅਸੀਂ ਪਵਿੱਤਰ ਆਤਮਾ ਦੀ ਸਮਰਥ ਨਾਲ ਇਕੱਠੇ ਹੋਏ ਹਾਂ। ਇਸੇ ਕਰਕੇ ਹੀ ਕੰਨਵੇਨਸ਼ਨ ਹੁੰਦੀ ਹੈ। ਅਸੀਂ ਇੱਥੇ ਉਸਨੂੰ ਮਿਲਣ ਆਏ ਹਾਂ। ਇਹੀ ਸਾਡਾ—ਸਾਡਾ ਇਕੱਠੇ ਹੋਣ ਦਾ ਉਦੇਸ਼ ਹੈ, ਕਿ ਅਸੀਂ ਉਸਨੂੰ ਮਿਲੀਏ।

ਇਸ ਲਈ ਮੈਂ ਅੱਜ ਰਾਤ ਖੁਸ਼ ਹਾਂ, ਮੇਰੇ ਬਹੁਤ ਸਾਰੇ ਦੋਸਤ ਇਕੱਠੇ ਹੋਣਾ ਸ਼ੁਰੂ ਹੋ ਗਏ ਹਨ: ਭਾਈ ਰੋਵ, ਅਤੇ ਮੈਂ ਭਾਈ ਕਿੰਗ ਨੂੰ ਮਿਲਿਆ, ਅਤੇ ਭਾਈ ਬ੍ਰਾਉਨ ਇਥੇ ਹਨ, ਭਾਈ ਕ੍ਲੇਟਨ, ਓਹ, ਹਰ ਕੋਈ, ਉਹ ਸਭ ਮੇਰੇ ਦੋਸਤ ਹਨ। ਅਤੇ ਇਹ ਚੰਗੇ ਸੇਵਕ ਹਨ ਇਸ

ਸ਼ਹਿਰ ਵਿਚ, ਮੈਂ ਉਹਨਾਂ ਨਾਲ ਬਹੁਤ ਸਾਲਾਂ ਤੋਂ ਸੰਗਤੀ ਕਰਦਾ ਆ ਰਿਹਾ ਹਾਂ। ਅਤੇ ਸਚਮੁਚ ਅਸੀਂ ਉਹਨਾਂ ਵਿੱਚੋਂ ਹਰ ਇੱਕ ਦੇ ਬਹੁਤ ਧੰਨਵਾਦੀ ਹਾਂ।

ਅਤੇ ਹੁਣ ਮੈਂ ਨਹੀ ਜਾਣਦਾ ਕਿ ਕੀ ਸਮਾਂਸੂਚੀ ਹੈ, ਪਰ ਮੇਰੇ ਕੋਲ...ਸਭਾਵਾਂ ਹਨ। ਭਾਈ ਬ੍ਰਾਉਨ ਅਤੇ ਇਹਨਾਂ ਸਾਰਿਆਂ ਮਨੁੱਖਾਂ ਵਰਗੇ ਭਾਈਆਂ ਨਾਲ ਬੋਲਣਾ, ਮੈਨੂੰ ਪੱਕਾ ਪਤਾ ਹੈ ਕਿ ਤੁਸੀਂ ਕੰਨਵੇਨਸ਼ਨ ਵਿੱਚ ਹੋਣ ਵਾਲੇ ਪ੍ਰਚਾਰ ਤੋਂ ਬਹੁਤ ਬਰਕਤ ਪਾਉਗੇ। ਮੈਂ ਛੋਟੀ ਜਿਹੀ ਕਸਮ ਲੈਂਦਾ ਹਾਂ ਕਿ ਮੈਂ ਲੋਕਾਂ ਨੂੰ ਬਹੁਤ ਦੇਰ ਤੱਕ ਰੋਕ ਕੇ ਰੱਖਣ ਦੀ ਬਜਾਏ, ਮੈਂ ਜਿਆਦਾ ਸਮਾਂ ਬਿਮਾਰਾਂ ਲਈ ਪ੍ਰਾਰਥਨਾਂ ਕਰਾਂਗਾ। ਇੱਥੇ ਸਭਾ ਵਿੱਚ ਆਇਆ ਹੋਇਆ ਹਰੇਕ ਜਣ ਇਹ ਜਾਣਦਾ ਹੈ ਕਿ ਸਭਾ ਦਾ ਕੀ ਮਕਸਦ ਹੈ ਅਤੇ ਕੀ ਹੁੰਦਾ ਹੈ। ਇਸੇ ਕਰਕੇ, ਮੈਂ ਇਹ ਮਹਿਸੂਸ ਨਹੀ ਕਰਦਾ ਕਿ ਮੈਂ ਅਜਨਬੀ ਲੋਕਾਂ ਜਾਂ ਉਹਨਾਂ ਵਿਚਕਾਰ ਹਾਂ ਜੋ ਉਸ ਸੇਵਕਾਈ ਦੇ ਬਾਰੇ ਜੋ ਅੱਜ ਪ੍ਰਭੂ ਨੇ ਮੈਨੂੰ ਦਿੱਤੀ ਹੈ, ਕੁਝ ਵੀ ਨਾ ਜਾਣਦੇ ਹੋਣ। ਇਸ ਲਈ ਮੈਂ ਆਪਣੇ ਸੰਦੇਸ਼ ਨੂੰ ਹਰੇਕ ਰਾਤ ਬਹੁਤ ਸਧਾਰਨ ਬਣਾਉਂਗਾ, ਅਤੇ ਤੀਹ ਮਿੰਟ ਪ੍ਰਚਾਰ ਕਰਨ ਦੀ ਕੋਸ਼ਿਸ਼ ਕਰਾਂਗਾ ਜਦ ਕਿ ਅਸੀਂ ਦੋ ਘੰਟੇ ਪ੍ਰਚਾਰ ਕਰ ਰਹੇ ਸੀ। ਇਸੇ ਲਈ, ਇਹ ਬਿਲਕੁਲ ਅਲੱਗ ਹੈ। ਬਹੁਤ ਮੁਸ਼ਕਿਲ ਹੁੰਦਾ ਹੈ ਜਦੋਂ ਤੁਸੀਂ ਕਿਸੇ ਵਿਚਾਰ ਤੋਂ ਸ਼ੁਰੂ ਕਰਦੇ ਹੋ, ਤਦ ਤੁਹਾਨੂੰ ਇਸ ਨੂੰ ਘੁਮਾਉਣਾ ਪੈਂਦਾ ਹੈ। ਪਰ, ਜੋ ਕੁਝ ਹੋਇਆ ਉਸਦੀ ਚੋਟੀ ਗਵਾਹੀ ਨੂੰ ਛੱਡਣ ਦੀ ਕੋਸ਼ਿਸ਼ ਕਰਦੇ ਹੋ।

ਅਤੇ ਕੱਲ ਰਾਤ ਕੰਨਵੇਨਸ਼ਨ ਤੋਂ ਪਹਿਲਾਂ, ਬਿਮਾਰਾਂ ਲਈ ਪ੍ਰਾਰਥਨਾ ਕਰਨ ਦੀਆਂ, ਪਹਿਲੀਆਂ ਸਭਾਵਾਂ ਖਤਮ ਹੋ ਜਾਣਗੀਆਂ। ਕੱਲ ਰਾਤ, ਜਿਨ੍ਹਾਂ ਲਈ ਮੈਂ ਪ੍ਰਾਰਥਨਾ ਨਹੀ ਕੀਤੀ, ਉਹਨਾਂ ਨੂੰ ਮੈਨੂੰ ਛੱਡਣਾ ਪਿਆ। ਕੱਲ ਸ਼ਾਮ ਅਸੀਂ ਪ੍ਰਾਰਥਨਾ ਪੰਕਤੀ ਰੱਖੀ ਸੀ, ਅਤੇ ਪ੍ਰਭੂ ਨੇ ਸਾਨੂੰ ਮਹਾਨ ਜਵਾਬ ਦਿੱਤਾ। ਇੱਕ ਵਾਰ ਫਿਰ। ਮੈਂ ਵਿਸ਼ਵਾਸ ਕਰਦਾ ਹਾਂ ਕਿ ਬਹੁਤ ਸਾਰੇ ਲੋਕ ਚੰਗੇ ਹੋ ਗਏ ਹਨ, ਪਰ ਫਿਰ ਵੀ ਜਿਨ੍ਹਾਂ ਕੋਲ ਕਾਰਡ ਸਨ, ਉਹਨਾਂ ਵਿੱਚੋਂ ਬਹੁਤ ਸਾਰਿਆਂ ਨੂੰ ਮੈਨੂੰ ਛੱਡਣਾ ਪਿਆ। ਇਸ ਲਈ ਮੈਂ ਵਾਅਦਾ ਕਰਦਾ ਹਾਂ ਕਿ ਅੱਜ ਰਾਤ ਮੈਂ ਉਹਨਾਂ ਦੇ ਲਈ ਪ੍ਰਾਰਥਨਾ ਕਰਾਂਗਾ। ਅਤੇ ਇਹੀ ਕਰਨ ਦਾ ਮੇਰਾ ਉਦੇਸ਼ ਹੈ। ਅਤੇ ਕੱਲ ਰਾਤ, ਪ੍ਰਭੂ ਨੇ ਚਾਹਿਆ ਤਾਂ ਅਸੀਂ ਬਾਕੀਆਂ ਲਈ ਪ੍ਰਾਰਥਨਾ ਕਰਾਂਗੇ।

ਹੁਣ, ਅਸੀਂ ਵਚਨ ਦੇ ਲੇਖਾਂ ਵੱਲ ਨੂੰ ਮੁੜਾਂਗੇ, ਵਚਨ ਦੇ ਜਿਨ੍ਹਾਂ ਲੇਖਾਂ ਨੂੰ ਮੈਂ ਇਥੇ ਲਿਖਿਆ ਹੋਇਆ ਹੈ। ਉਹਨਾਂ ਮੈਂ...ਮੈਂ ਚਾਹੁੰਦਾ ਹਾਂ। ਇਹਨਾਂ ਲੇਖਾਂ ਨੂੰ ਇਕ ਵਿਸ਼ੇ ਦਾ ਨਾਂ ਦਿਆਂ। ਮੈਨੂੰ ਸਮਝ ਨਹੀ ਆਉਂਦੀ ਕਿ ਇਹਨਾਂ ਲੇਖਾਂ ਨੂੰ ਇਕ ਵਿਸ਼ੇ ਦਾ ਨਾਂ ਦਿਆਂ ਜਾਂ ਨਾਂ ਦਿਆਂ ਪਰ ਆਪਣੇ ਸੰਦੇਸ਼ ਨੂੰ ਆਧਾਰ ਦੇਣ ਦੇ ਲਈ ਮੈਂ ਇਸ ਵਿਚਾਰ ਨੂੰ ਲੈਣਾ ਚਾਹੁੰਦਾ ਹਾਂ ਕਿ: *ਪ੍ਰਮੇਸ਼ਵਰ ਦਾ ਵਚਨ ਬੇਪ੍ਰਤੀਤੀ ਨਾਲੋਂ ਪੂਰੀ ਤਰਾਂ ਅਲੱਗ ਹੋਣ ਲਈ ਬੁਲਾਉਂਦਾ ਹੈ।*

2 ਅਤੇ ਹੁਣ ਮੈਂ ਬਾਈਬਲ ਵਿਚੋਂ ਪੜ੍ਹਨਾਂ ਚਾਹੁੰਦਾ ਹਾਂ, ਉਤਪਤ ਦੀ ਕਿਤਾਬ ਦੇ 13ਵੇਂ ਬਾਬ ਵਿਚੋਂ ਇਸਦੀ 5ਵੀ ਆਇਤ ਤੋਂ ਪੜਨਾਂ ਚਾਹੁੰਦਾ ਹਾਂ। ਮੈਨੂੰ ਵਚਨ ਪੜਣਾ ਚੰਗਾ ਲੱਗਦਾ ਹੈ। ਕਿਉਂਕਿ ਜੋ ਵੀ ਮੈਂ ਆਖਦਾ ਹਾਂ ਟਲ ਸਕਦਾ ਹੈ। ਕਿਉਂਕਿ ਇਹ ਇੱਕ ਮਨੁੱਖ ਹੈ ਪਰ ਜੇ ਮੈਂ ਬਸ ਇਸ ਵਚਨ ਨੂੰ ਹੀ ਪੜ੍ਹਦਾ ਹਾਂ ਜੋ ਉਹ ਆਖਦਾ ਹੈ ਓਹ ਕਦੇ ਵੀ ਨਹੀ ਟਲ ਸਕਦਾ। ਇਸ ਤਰਾਂ ਮੈਂ ਜਾਣਦਾ ਹਾਂ ਕਿ ਬਸ ਇਸ ਵਚਨ ਨੂੰ ਪੜਣ ਦੇ ਨਾਲ ਹੀ ਸਾਡੇ ਲਈ ਕੁਝ ਭਲਾ ਨਿਕਲਦਾ ਹੈ, ਭਾਵੇਂ ਕੁਝ ਹੋਰ ਨਾ ਵੀ ਕਰੀਏ। ਅਸੀਂ 13 ਬਾਬ ਦੀ 5 ਆਇਤ ਤੋਂ ਸ਼ੁਰੂ ਕਰਾਂਗੇ।

*ਅਤੇ ਲੂਤ ਕੋਲ ਵੀ, ਜਿਹੜਾ ਅਬਰਾਹਾਮ ਨਾਲ ਚੱਲਦਾ ਸੀ, ਇੱਜੜ ਅਰ ਗਾਈਆਂ, ਬਲਦ ਅਰ ਤੰਬੂ ਸਨ।*

*ਅਤੇ ਉਸ ਦੇਸ਼ ਨੇ ਉਹਨਾਂ ਨੂੰ ਨਾ ਝੱਲਿਆ, ਕਿ ਓਹ ਇੱਕਠੇ ਰਹਿਣ: ਕਿਓਂਕਿ ਓਹਨਾ ਦਾ ਮਾਲ ਧਨ ਇੰਨਾਂ ਸੀ, ਉਹ ਇੱਕਠੇ ਨਹੀ ਰਹਿ ਸਕਦੇ ਸਨ।*

*ਅਤੇ ਉਪਰੰਤ...ਅਬਰਾਮ ਦੇ ਪਾਲਿਆਂ ਅਤੇ ਲੂਤ ਦੇ ਪਾਲਿਆਂ ਵਿੱਚ ਝਗੜਾ ਪੈ ਗਿਆ: ਅਤੇ ਕਨਾਨੀ ਅਰ...ਫਰਿੱਜੀ ਜਨਤਾ...ਉਸ ਵੇਲੇ ਉਸ ਦੇਸ਼ ਵਿੱਚ ਵੱਸਦੀ ਸੀ।*

*ਅਬਰਾਮ ਨੇ ਲੂਤ ਨੂੰ ਆਖਿਆ, ਸਾਡੇ ਵਿੱਚ ਝਗੜਾ ਨਹੀਂ ਹੋਣਾ ਚਾਹੀਦਾ, ਮੈਂ ਤੈਨੂੰ ਬੇਨਤੀ ਕਰਦਾ ਹਾਂ, ਮੇਰੇ ਅਰ ਤੇਰੇ ਵਿਚਕਾਰ ਅਤੇ ਮੇਰੇ ਪਾਲਿਆਂ ਅਰ ਤੇਰੇ ਪਾਲਿਆਂ ਵਿਚਕਾਰ ਝਗੜਾ ਨਹੀਂ ਹੋਣਾ ਚਾਹੀਦਾ; ਕਿਓਂ ਜੋ ਅਸੀਂ ਭਰਾ ਹਾਂ।*

*ਭਲਾ ਤੇਰੇ ਅੱਗੇ ਸਾਰਾ ਦੇਸ਼ ਨਹੀ ਹੈ? ਮੈਥੋਂ ਵਖਰਾ ਹੋ ਜਾ, ਅਤੇ ਜੇ ਤੂੰ ਖੱਬੇ ਪਾਸੇ ਜਾਵੇਂ, ਤਾਂ ਮੈਂ ਸੱਜੇ ਪਾਸੇ ਜਾਵਾਂਗਾ; ਅਤੇ ਜੇ ਤੂੰ ਸੱਜੇ ਪਾਸੇ ਜਾਵੇਂ, ਤਾਂ ਮੈਂ ਖੱਬੇ ਪਾਸੇ ਜਾਵਾਂਗਾ।*

*ਸੋ ਲੂਤ ਨੇ ਆਪਣੀਆਂ ਅੱਖਾਂ ਚੁੱਕ ਕੇ ਯਰਦਨ ਦੇ ਸਾਰੇ ਮੈਦਾਨ ਨੂੰ ਵੇਖਿਆ... ਕਿ ਉਹ ਸਾਰਾ ਮੈਦਾਨ, ਇਸ ਤੋਂ ਪਹਿਲਾਂ ਕਿ ਯਹੋਵਾਹ ਨੇ ਸਦੂਮ ਅਰ ਅਮੂਰਾਹ ਦਾ ਨਾਸ਼ ਕੀਤਾ, ਚੰਗਾ ਤਰ ਸੀ, ਓਹ ਯਹੋਵਾਹ ਦੇ ਬਾਗ ਵਰਗਾ ਸੀ, ਅਥਵਾ ਸੋਆਰ ਨੂੰ ਜਾਂਦੇ ਹੋਏ, ਮਿਸਰ ਦੇਸ਼ ਵਰਗਾ ਸੀ।*

*ਤਦ ਲੂਤ ਨੇ ਆਪਣੇ ਲਈ ਯਰਦਨ ਦਾ ਸਾਰਾ ਮੈਦਾਨ ਚੁਣਿਆ; ਅਤੇ ਲੂਤ ਪੂਰਬ ਵਲ ਚਲਿਆ ਗਿਆ: ਸੋ ਓਹ ਇਕ ਦੂਜੇ...ਤੋਂ ਅੱਡ ਹੋ ਗਏ।*

*ਅਤੇ ਅਬਰਾਮ ਕਨਾਨ ਦੇ ਦੇਸ਼ ਵਿੱਚ ਵਸਿਆ, ਅਤੇ ਲੂਤ ਉਸ ਮੈਦਾਨ ਦੇ ਨਗਰਾਂ ਵਿੱਚ ਵਸਿਆ, ਅਰ ਸਦੂਮ ਕੋਲ ਅਪਣਾ ਤੰਬੂ ਲਾਇਆ।*

*ਪਰ ਸਦੂਮ ਦੇ ਮਨੁੱਖ ਯਹੋਵਾਹ ਦੇ ਅੱਗੇ ਅੱਤ ਬੁਰਿਆਰ ਅਰ ਮਹਾ ਪਾਪੀ ਸਨ।*

*ਫੇਰ ਯਹੋਵਾਹ ਨੇ ਅਬਰਾਮ ਨੂੰ, ਲੂਤ ਦੇ ਉਸ ਤੋਂ ਵਖਰੇ ਹੋਣ ਦੇ ਪਿੱਛੋਂ ਆਖਿਆ, ਕਿ ਤੂੰ ਆਪਣੀਆਂ ਅੱਖਾਂ ਹੁਣ ਚੁੱਕ ਕੇ ਦੇਖ, ਇਸ ਥਾਂ ਤੋਂ ਜਿਥੇ ਤੂੰ ਹੁਣ ਹੈਂ, ਉੱਤਰ,...ਅਰ ਦਖਣ,...ਅਤੇ ਪੁਰਬ,...ਅਰ ਪੱਛਮ,...ਵੱਲ ਦੇਖ।*

*ਕਿਓਂਕਿ ਇਹ ਸਾਰੀ ਧਰਤੀ, ਜੋ ਤੂੰ ਦੇਖਦਾ ਹੈਂ, ਮੈਂ ਤੈਨੂੰ ਅਤੇ ਤੇਰੇ ਅੰਸ਼ ਨੂੰ, ਸਦਾ ਲਈ ਦੇ ਦਿਆਂਗਾ।*

3 ਹੁਣ, ਪਰਮੇਸ਼ਵਰ ਦੀ ਸੋਚ ਹੈ, ਪੂਰੀ ਤਰਾਂ ਅੱਲਗ ਹੋਣਾ। ਅਸੀਂ ਸਿਰਫ ਵਚਨ ਰਾਹੀਂ ਇਹ ਜਾਣਦੇ ਹਾਂ ਕਿ ਜਿਵੇਂ ਕਿ ਅਸੀਂ ਵਚਨ ਪੜਿਆ ਹੈ ਅਤੇ ਵੇਖਦੇ ਹਾਂ ਕਿ ਵਚਨ ਆਪਣੇ ਆਪ ਨੂੰ ਹੀ ਪ੍ਰਗਟ ਕਰਦਾ ਹੈ।

4 ਹੁਣ ਆਦਿ ਵਿਚ ਉਤਪਤ 1:3 ਵਿਚ ਅਸੀਂ ਦੇਖਦੇ ਹਾਂ ਕਿ, "ਸਾਰੀ ਧਰਤੀ ਉੱਤੇ ਅਨੇਰ੍ਹਾ ਸੀ। ਅਤੇ ਪ੍ਰਮੇਸ਼ਰ ਦਾ ਆਤਮਾ ਪਾਣੀਆਂ ਉੱਤੇ ਸੇਓਂਦਾ ਸੀ। ਪ੍ਰਮੇਸ਼ਵਰ ਨੇ ਕਿਹਾ, 'ਚਾਨਣ ਹੋ ਜਾਵੇ,' ਤਾਂ ਚਾਨਣ ਹੋ ਗਿਆ। ਅਤੇ ਪ੍ਰਮੇਸ਼ਵਰ ਨੇ ਚਾਨਣ ਨੂੰ ਡਿੱਠਾ ਭਈ ਚੰਗਾ ਹੈ; ਅਤੇ

ਪ੍ਰਮੇਸ਼ਵਰ ਨੇ ਚਾਨਣ ਨੂੰ ਅਨੇਰੇ ਨਾਲੋਂ ਵਖਰਾ ਕੀਤਾ।" ਇਸ ਲਈ ਆਦਿ ਵਿਚ ਹੀ ਪਰਮੇਸ਼ਵਰ ਦੇ ਵਚਨ ਨੇ ਚਾਨਣ ਨੂੰ ਅਨੇਰ੍ਹੇ ਨਾਲੋਂ ਵਖਰਾ ਕਰਨਾ ਸ਼ੁਰੂ ਕੀਤਾ, ਇਸ ਲਈ ਇਹ ਅੱਜ ਦੇ ਦਿਨ ਤੱਕ ਠਹਿਰੇ ਹੋਏ ਹਨ।

5 ਜਿਵੇਂ ਕਿ ਬੀਤੀ ਰਾਤ ਮੈਂ, ਯਿਸੂ ਬਾਰੇ ਆਖਿਆ ਸੀ ਕਿ ਜਦੋਂ ਓਹ ਬਾਰਾਂ ਸਾਲਾਂ ਦਾ ਸੀ ਅਤੇ ਉਸਦੀ ਮਾਂ ਦੀ ਗਲਤੀ ਦੇ ਕਾਰਨ, ਜਿਹਨੂੰ ਲੋਕ ਪਰਮੇਸ਼ਵਰ ਦੀ ਮਾਂ ਹੋਣ ਦਾ ਦਾਵਾ ਕਰਦੇ ਹਨ, ਅਤੇ ਕਿਵੇਂ ਉਸ ਔਰਤ ਨੇ ਆਖਿਆ, "ਕਿਓਂਕਿ ਮੈਂ ਅਤੇ ਤੇਰਾ ਪਿਤਾ ਤੈਨੂੰ ਕਲਪਦੇ ਹੋਏ ਲਭਦੇ ਸੀ।"

6 ਅਤੇ ਵਚਨ ਹੋਣ ਦੇ ਨਾਤੇ ਛੇਤੀ ਹੀ ਉਸਨੇ ਆਖਿਆ, "ਭਲਾ ਤੁਸੀਂ ਨਹੀ ਜਾਣਦੇ ਭਈ ਮੈਨੂੰ ਚਾਹਿਦਾ ਹੈ ਜੋ ਮੈਂ ਆਪਣੇ ਪਿਤਾ ਦੇ ਕੰਮਾਂ ਵਿਚ ਲੱਗਾ ਰਹਾਂ?"

7 ਵੇਖੋ ਮਰੀਅਮ ਯਿਸੂ ਨੂੰ ਯੂਸੁਫ਼ ਦਾ ਪੁਤਰ ਘੋਸ਼ਿਤ ਕਰ ਰਹੀ ਸੀ, ਪਰ ਓਹ ਯੂਸੁਫ਼ ਦਾ ਪੁਤਰ ਨਹੀ ਸੀ। ਜੇਕਰ ਓਹ ਯੂਸੁਫ਼ ਦਾ ਪੁਤਰ ਹੁੰਦਾ, ਤਾਂ ਓਹ ਯੂਸੁਫ਼ ਦੇ ਨਾਲ ਹੁੰਦਾ, ਪਰ ਓਹ ਆਪਣੇ ਪਿਤਾ ਦੇ ਨਾਲ ਆਪਣੇ ਪਿਤਾ ਦੇ ਕੰਮਾਂ ਵਿਚ ਲੱਗਾ ਹੋਇਆ ਸੀ। ਇਸ ਲਈ ਵਚਨ ਹਮੇਸ਼ਾ ਹੀ ਸਹੀ ਅਤੇ ਸੁਧਾਰਕ ਹੁੰਦਾ ਹੈ। ਅਤੇ ਵਚਨ ਸਦਾ ਹੀ ਹਰੇਕ ਗਲਤੀ ਦਾ ਸੁਧਾਰ ਕਰਦਾ ਰਹੇਗਾ।

8 ਹੁਣ ਜਦੋ ਇਹ ਧਰਤੀ...ਪ੍ਰਮੇਸ਼ਵਰ ਇਸ ਧਰਤੀ ਦਾ ਉਪਯੋਗ ਕਰਨ ਵਾਲਾ ਸੀ, ਤਾਂ ਇਹ ਪੂਰੀ ਤਰਾਂ ਨਾਲ ਹਨੇਰੇ ਵਿਚ ਸੀ। ਤਦ ਪ੍ਰਮੇਸ਼ਵਰ ਦਾ ਆਤਮਾ ਬੋਲ ਉਠਿਆ ਅਤੇ ਆਖਿਆ, "ਚਾਨਣ ਹੋ ਜਾਵੇ," ਅਤੇ ਉਸਨੇ ਚਾਨਣ ਨੂੰ ਹਨੇਰੇ ਨਾਲੋਂ ਵਖਰਾ ਕੀਤਾ। ਅਤੇ ਪ੍ਰਮੇਸ਼ਵਰ ਉਸ ਸਮੇਂ ਤੋਂ ਹੀ ਚਾਨਣ ਨੂੰ ਹਨੇਰੇ ਨਾਲੋਂ ਵਖਰਾ ਕਰਦਾ ਆ ਰਿਹਾ ਹੈ ਅਤੇ ਆਦਿ ਵਿਚ ਪ੍ਰਮੇਸ਼ਵਰ ਦੇ ਵਚਨ ਨੇ ਪਾਣੀਆਂ ਨੂੰ ਵੀ ਧਰਤੀ ਨਾਲੋਂ ਵਖਰਾ ਕੀਤਾ। ਪ੍ਰਮੇਸ਼ਵਰ ਬੋਲਿਆ, ਅਤੇ ਪਾਣੀ ਧਰਤੀ ਨਾਲੋਂ ਵਖਰੇ ਹੋ ਗਏ ਇਸ ਲਈ ਉਸ ਦਾ ਅਜਿਹਾ ਕਰਨ ਦਾ ਵੀ ਕੋਈ ਕਾਰਣ ਸੀ।

9 ਪ੍ਰਮੇਸ਼ਵਰ ਕਦੇ ਵੀ ਕੋਈ ਵਚਨ ਨਹੀ ਬੋਲਦਾ ਜਦੋਂ ਤਕ ਕਿ ਉਸ ਵਚਨ ਨੂੰ ਬੋਲਣ ਲਈ ਉਸਦਾ ਕੋਈ ਕਾਰਣ ਨਾ ਹੋਵੇ। ਉਹ ਮੇਰੇ ਤੇ ਤੁਹਾਡੇ ਵਰਗਾ ਨਹੀ ਹੈ, ਜਿਵੇਂ ਕਿ ਅਸੀਂ ਖਾਸ ਕਰਕੇ ਮੈਂ, ਅਸੀਂ ਬਹੁਤ ਸਾਰੀਆਂ ਵਿਅਰਥ ਗੱਲਾਂ ਕਰਦੇ ਹਾਂ। ਪ੍ਰਮੇਸ਼ਵਰ ਹਰੇਕ ਵਚਨ ਨੂੰ ਕਿਸੇ ਅਰਥ ਨਾਲ ਹੀ ਬੋਲਦਾ ਹੈ। ਅਤੇ ਕੁਝ ਹੈ ਜਿਸਨੂੰ ਓਹ ਪੂਰਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਓਹ ਆਪਣੇ ਵਚਨ ਰਾਹੀਂ ਉਸ ਉਦੇਸ਼ ਨੂੰ ਪੂਰਾ ਕਰੇਗਾ।

10 ਹੁਣ ਜੇਕਰ ਪ੍ਰਮੇਸ਼ਵਰ ਨੇ ਆਖਿਆ ਸੀ, "ਚਾਨਣ ਹੋ ਜਾਵੇ," ਅਤੇ ਕੋਈ ਚਾਨਣ ਨਾ ਹੁੰਦਾ ਤਦ ਇਸ ਤੋਂ ਇਹ ਜਾਹਿਰ ਹੈ ਕਿ ਪ੍ਰਮੇਸ਼ਵਰ ਨੇ ਅਜਿਹਾ ਆਖਿਆ ਹੀ ਨਹੀ ਸੀ। ਸਮਝੇ?

11 ਜਦੋਂ ਪ੍ਰਮੇਸ਼ਵਰ ਕੁਝ ਆਖਦਾ ਹੈ ਤਾਂ ਉਸਨੂੰ ਉਸ ਗੱਲ ਦੀ ਪਾਲਣਾ ਕਰਨੀ ਪੈਂਦੀ ਹੈ ਜੋ ਵੀ ਓਹ ਆਖਦਾ ਹੈ। ਅਤੇ ਜਦੋਂ ਪ੍ਰਮੇਸ਼ਵਰ ਦਾ ਵਚਨ ਪ੍ਰਮਾਣਿਤ ਹੁੰਦਾ ਹੈ ਪ੍ਰਮਾਣਿਤ ਹੋਇਆ ਵਚਨ ਹੀ ਚਾਨਣ ਹੁੰਦਾ ਹੈ। ਹੁਣ ਵਚਨ ਆਪਣੇ ਆਪ ਵਿਚ ਚਾਨਣ ਨਹੀ ਹੁੰਦਾ ਹੈ ਜਦੋ ਤਕ ਕਿ ਓਹ ਸਾਬਿਤ ਹੋਇਆ ਚਾਨਣ ਨਾ ਹੋਵੇ।

12 ਜੇਕਰ ਪ੍ਰਮੇਸ਼ਵਰ ਨੇ ਆਖਿਆ ਸੀ, "ਚਾਨਣ ਹੋ ਜਾਵੇ," ਅਤੇ ਓਥੇ ਕੋਈ ਚਾਨਣ ਨਾ ਹੋਇਆ ਹੁੰਦਾ, ਤਾਂ ਇਹ ਪ੍ਰਮੇਸ਼ਵਰ ਦਾ ਵਚਨ ਨਹੀ ਸੀ। ਪਰ ਜਦੋ ਚਾਨਣ ਧਰਤੀ ਉੱਤੇ ਚਮਕਿਆ, ਇਸਨੇ ਵਚਨ ਨੂੰ ਪ੍ਰਮਾਣਿਤ ਕਰ ਕੇ ਵਿਖਾਇਆ, ਅਤੇ ਇਹ ਚਾਨਣ ਹੀ ਸੀ।

13 ਹੁਣ ਅੱਜ ਜੇਕਰ ਪ੍ਰਮੇਸ਼ਵਰ ਨੇ ਵਾਦਾ ਕੀਤਾ ਹੈ, ਅਤੇ ਜਦੋਂ ਇਹ ਵਾਦਾ ਪ੍ਰਮਾਣਿਤ ਕੀਤਾ ਜਾਂਦਾ ਹੈ ਤਾਂ ਇਹ ਦਿਨ ਦਾ ਚਾਨਣ ਹੈ। ਇਸ ਸਮੇਂ ਦਾ ਚਾਨਣ ਪ੍ਰਮਾਣਿਤ ਕੀਤਾ ਗਿਆ ਹੈ।

14 ਤਦ ਪ੍ਰਮੇਸ਼ਵਰ ਇੱਕ ਧਰਤੀ ਬਣਾਉਣ ਜਾ ਰਿਹਾ ਸੀ ਕਿ ਓਹ ਉਸ ਵਿਚ ਪੇੜ ਪੋਦੇ ਉਗਾਵੇ ਅਤੇ ਉਸਨੇ ਉਸ ਧਰਤੀ ਉੱਤੇ ਲੋਕਾਂ ਨੂੰ ਰਖਣਾ ਸੀ। ਅਤੇ ਤਦ ਓਹ ਬੋਲਿਆ ਅਤੇ ਪਾਣੀਆਂ ਨੂੰ ਸਮੁੰਦਰ ਨਾਲੋਂ ਵੱਖਰਾ ਕੀਤਾ।

ਤਦ ਆਦਿ ਵਿਚ ਹੀ ਉਸਨੇ ਉਤਪਤ ਵਿਚ ਜੀਵਨ ਨੂੰ ਮੌਤ ਨਾਲੋਂ ਵਖਰਾ ਕੀਤਾ।

15 ਹੁਣ, ਜੇਕਰ ਅਸੀਂ ਪ੍ਰਮੇਸ਼ਵਰ ਦੇ ਵਚਨ ਵਿਚ ਨਿਹਚਾ ਕਰਦੇ ਹਾਂ ਤਾਂ ਇਹ ਸਾਡੇ ਲਈ ਜੀਵਨ ਦਾ ਵਚਨ ਬਣ ਜਾਂਦਾ ਹੈ। ਪਰ ਜੇ ਅਸੀਂ ਪ੍ਰਮੇਸ਼ਵਰ ਦੇ ਵਚਨ ਤੇ ਪ੍ਰਸ਼ਨ ਕਰਦੇ ਹਾਂ ਤਾਂ ਇਹ ਸਾਡੇ ਲਈ ਮੌਤ ਬਣ ਜਾਂਦਾ ਹੈ। ਕਿਉਂਕਿ ਪ੍ਰਮੇਸ਼ਵਰ ਨੇ ਬੋਲਿਆ ਹੈ ਕੌਣ ਉਸਦਾ ਇਨਕਾਰ ਕਰ ਸਕਦਾ ਹੈ? ਵੇਖਿਆ? ਅਤੇ ਜੇ ਅਸੀਂ ਪ੍ਰਮੇਸ਼ਵਰ ਦੇ ਵਚਨ ਤੇ ਪ੍ਰਸ਼ਨ ਕਰਦੇ ਹਾਂ, ਤਾਂ ਇਹ ਵਚਨ ਸਾਡੇ ਲਈ ਮੌਤ ਬਣ ਜਾਂਦਾ ਹੈ।

16 ਹੁਣ ਜਿਵੇਂ ਹਵਾ ਨੇ ਪ੍ਰਮੇਸ਼ਵਰ ਦੇ ਵਚਨ ਦੇ ਇਕ ਛੋਟੇ ਜਿਹੇ ਹਿੱਸੇ ਉੱਤੇ ਪ੍ਰਸ਼ਨ ਕੀਤਾ ਅਤੇ ਉਸ ਨਾਲ ਕੀ ਹੋਇਆ? ਉਸਨੇ ਓਹਨਾਂ ਸਾਰੀਆਂ ਪੀੜਾਂ ਨੂੰ ਜਨਮ ਦਿੱਤਾ, ਜਿਨਾਂ ਨੂੰ ਅਸੀਂ ਅਜੇ ਸਹਿਣ ਕਰਦੇ ਹਾਂ। ਜੇਕਰ ਓਹ ਵਚਨ ਦੇ ਪਿੱਛੇ ਰਹਿੰਦੀ, ਵਚਨ ਦੀ ਕਿਲੇਬੰਦੀ ਵਿਚ ਰਹਿੰਦੀ ਅਤੇ ਵਚਨ ਦੀ ਬੇਪ੍ਰਤੀਤੀ ਨਾ ਕਰਦੀ ਤਾਂ ਕਦੇ ਵੀ ਇਹ ਸਭ ਨਾ ਵਾਪਰਿਆ ਹੁੰਦਾ, ਤਦ ਕਦੇ ਵੀ ਇਸ ਤਰਾਂ ਨਾ ਹੁੰਦਾ। ਪਰ, ਤੁਸੀਂ ਵੇਖੋ ਓੱਥੇ ਮੌਤ ਆ ਗਈ।

17 ਤਦ ਪ੍ਰਮੇਸ਼ਵਰ ਦੇ ਕੋਲ ਇਕ ਕ੍ਫਾਰਾ ਸੀ। ਸਾਡੇ ਪ੍ਰਤੀ ਕਿਰ੍ਪਾਵਾਨ ਹੋਣ ਦੇ ਨਾਤੇ, ਪ੍ਰਮੇਸ਼ਵਰ ਨੇ ਓਹਨਾਂ ਦੀ ਮੌਤ ਦੇ ਬਦਲੇ ਵਿਚ ਇਕ ਮੌਤ ਨੂੰ ਪ੍ਰਵਾਨ ਕੀਤਾ ਜੋ ਕਿ ਦੋਵੇਂ…

18 ਪ੍ਰਮੇਸ਼ਵਰ ਨੇ ਅਦਨ ਦੇ ਬਾਗ ਵਿਚ ਜੀਵਨ ਨੂੰ ਮੌਤ ਨਾਲੋਂ ਵਖਰਾ ਕੀਤਾ ਅਤੇ ਉਸਨੇ ਇਹ ਆਪਣੇ ਵਚਨ ਰਾਹੀਂ ਕੀਤਾ।

19 ਅਤੇ ਅਜੇ ਵੀ ਓਹ ਉਸੇ ਤਰਾਂ ਕਰਦਾ ਹੈ। ਅਸੀਂ ਘੋਰ ਅਨੇਰੇ ਵਿਚ ਸੀ, ਜਿਵੇਂ ਕਿ ਮੈਂ ਐਤਵਾਰ ਪ੍ਰਚਾਰ ਕੀਤਾ ਸੀ ਕਿ ਸਾਰੀ ਹੀ ਧਰਤੀ ਅਤੇ ਲੋਕਾਂ ਉੱਤੇ ਘੋਰ ਹਨੇਰਾ ਸੀ। ਇਸ ਸਭ ਦੇ ਵਿਚਕਾਰ ਓਹ ਹਾਲੇ ਵੀ ਆਪਣੇ ਜੀਵਨ ਦਾ ਵਚਨ ਆਪਣੇ ਲੋਕਾਂ ਲਈ ਬੋਲ ਰਿਹਾ ਹੈ, ਜੋ ਇਸ ਉੱਤੇ ਨਿਹਚਾ ਕਰਨੀ ਚਾਹੁੰਦੇ ਹਨ। ਅਤੇ ਹੁਣ ਅਸੀਂ ਵੇਖਦੇ ਹਾਂ ਕਿ ਜੇਕਰ…

20 ਯਿਸੂ ਨੇ ਹਮੇਸ਼ਾ ਹੀ ਸਾਨੂੰ ਦੱਸਿਆ ਹੈ ਇਕ ਅੱਲਗ ਹੋਣਾ ਹੈ। ਅਸੀਂ ਵੇਖਦੇ ਹਾਂ ਕਿ ਇਸ ਮਨੁਖ ਜਾਤੀ ਲਈ ਆਖਰੀ ਚੀਜ਼ ਇਹੋ ਹੀ ਹੈ ਕਿ ਜਦੋਂ ਓਹ ਮਹਾਨ ਆਖਰੀ ਦਿਨ, ਅਸੀਂ ਪ੍ਰਮੇਸ਼ਵਰ ਦੀ ਹਜੂਰੀ ਵਿਚ ਖੜੇ ਹੋਵਾਂਗੇ ਤਾਂ ਓਥੇ ਆਖਰੀ ਵਾਰ ਅੱਲਗ ਕਰਨਾ ਹੋਵੇਗਾ। ਓਹ ਬਕਰੀਆਂ ਨਾਲੋਂ ਭੇਡਾਂ ਨੂੰ ਵਖਰਾ ਕਰੇਗਾ।

21 ਪ੍ਰਮੇਸ਼ਵਰ ਹਮੇਸ਼ਾ ਹੀ ਵਖਰੇ ਕਰਦਾ ਰਿਹਾ ਹੈ ਅਤੇ ਓਹ ਕਰਦਾ ਰਹੇਗਾ। ਇਹੀ ਕੰਮ ਓਹ ਅੱਜ ਰਾਤ ਵੀ ਕਰ ਰਿਹਾ ਹੈ। ਇਹੋ ਹੀ ਓਹ ਹਮੇਸ਼ਾ ਕਰਦਾ ਹੈ। ਤੁਸੀਂ ਉਸਨੂੰ ਅਜੇਹਾ ਕਰਦੇ ਹੋਏ ਹਰੇਕ ਸੰਗਤੀ ਵਿਚ ਦੇਖ ਸਕਦੇ ਹੋ। ਓਹ ਨਿਹਚਾ ਨੂੰ ਬੇਪ੍ਰਤੀਤੀ ਨਾਲੋਂ ਵਖਰਾ ਕਰਦਾ ਹੈ। ਓਹ ਵਚਨ ਬੋਲਦਾ ਹੈ। ਓਹ ਆਪਣੇ ਆਪ ਨੂੰ ਓਹਨਾਂ ਉੱਤੇ ਪ੍ਰਗਟ ਕਰਦਾ ਹੈ ਜੋ ਉਸ ਉੱਤੇ ਨਿਹਚਾ ਕਰਨਗੇ ਅਤੇ ਉਸ ਵਿਚ ਭਰੋਸਾ ਰੱਖਦੇ ਹਨ।

22 ਹੁਣ ਅਸੀਂ ਗਿਣਤੀ ਦੇ 6 ਅਧਿਆਏ ਵਿੱਚ ਵੇਖਦੇ ਹਾਂ ਕਿ ਇਹ ਇੱਕ ਨਜੀਰ ਦਾ ਸੱਦਾ ਹੈ। ਨਜੀਰ ਦਾ ਸੱਦਾ ਸੀ, ਪ੍ਰਮੇਸ਼ਵਰ ਦੇ ਵਚਨ ਲਈ ਆਪਣੇ ਆਪ ਨੂੰ ਸਾਰੇ ਸੰਸਾਰ ਨਾਲੋਂ ਵੱਖਰਾ ਕਰਨਾ। ਇਹ ਹੈ ਨਜੀਰ ਦੀ ਬੁਲਾਹਟ, ਅਲੱਗ ਹੋਣਾ।

23 ਅਸੀਂ ਵੇਖਦੇ ਹਾਂ ਕਿ ਸਮਸੂਨ ਯਹੋਵਾਹ ਲਈ, ਇਕ ਨਜੀਰ ਸੀ, ਓਹ ਆਪਣੇ ਜਨਮ ਤੋਂ ਹੀ…ਇਕ ਨਿਸ਼ਾਨ ਰਾਹੀਂ ਵੱਖਰਾ ਕੀਤਾ ਗਿਆ ਸੀ। ਅਤੇ ਨਿਸ਼ਾਨ ਇਹ ਸੀ ਕਿ ਉਸਨੂੰ ਆਪਣੇ ਵਾਲਾਂ ਨੂੰ ਸੱਤ ਲਟਾਂ ਨਾਲ ਲੰਬੇ ਰਖਣਾ ਸੀ। ਇਹ ਅਲੱਗ ਹੋਣ ਦਾ ਨਿਸ਼ਾਨ ਸੀ ਕਿ ਓਹ ਇਕ ਉਦੇਸ਼ ਲਈ ਬੁਲਾਇਆ ਗਿਆ ਸੀ।

24 ਅਤੇ ਹੁਣ ਮੈਂ ਇਸ ਵਿਸ਼ੇ ਉੱਤੇ ਨਹੀ ਬੋਲਣਾ ਚਾਹੁੰਦਾ ਕਿਉਂਕਿ ਮੈਂ ਪਹਿਲਾਂ ਹੀ ਆਖ ਦਿੱਤਾ ਹੈ ਕਿ ਮੈਂ ਬਸ ਕੁਝ ਪਲਾਂ ਲਈ ਬੋਲਾਂਗਾ।

25 ਪਰ ਮੈਂ ਸੋਚਦਾ ਹਾਂ ਅਜ ਜਦੋਂ ਅਸੀਂ ਵੇਖਦੇ ਹਾਂ ਕਿ ਸਾਡੀਆਂ ਭੈਣਾਂ ਆਪਣੇ ਵਾਲ ਵਧਾਉਦੀਆਂ ਹਨ, ਜਿਵੇ ਕਿ ਬਾਈਬਲ ਆਖਦੀ ਹੈ ਕਿ ਓਹਨਾਂ ਨੂੰ ਆਪਣੇ ਵਾਲ ਵਧਾਉਣੇ ਚਾਹੀਦੇ ਹਨ, ਮੈਂ ਸੋਚਦਾ ਹਾਂ ਕਿ ਇਹੋ ਹੀ ਓਹਨਾਂ ਦੇ ਨਜੀਰ ਹੋਣ ਦਾ ਨਿਸ਼ਾਨ ਹੈ ਕਿ ਓਹ ਪ੍ਰਮੇਸ਼ਵਰ ਦੇ ਪਿੱਛੇ ਚਲਣਾ ਚਾਹੁੰਦੀਆਂ ਹਨ। ਅਤੇ ਮੈਂ ਜਾਣਦਾ ਹਾਂ ਇਹ ਪਧਰੀ ਜਿਹੀ ਗੱਲ ਹੈ ਅਤੇ ਮੈਂ—ਮੈਂ—ਮੈਂ ਇਸਨੂੰ ਘਰ ਲਿਆਉਣਾ ਚਾਹੁੰਦਾ ਹਾਂ, ਵੇਖਿਆ, ਕਿਓਂਕਿ ਇਹ ਹੈ। ਇਸ ਤਰਾਂ ਜਾਪਦਾ ਹੈ ਜਿਵੇਂ ਕੋਈ ਇਹਨਾਂ ਕੋਲੋਂ ਅਜਿਹਾ ਕਰਵਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਕੁਝ ਹੈ ਜੋ ਪ੍ਰਮੇਸ਼ਵਰ ਨੇ ਹੀ ਇਹਨਾਂ ਨੂੰ ਅਜਿਹਾ ਕਰਨ ਲਈ ਆਖਿਆ ਹੈ। ਕੋਈ ਮਤਲਬ ਨਹੀ ਹੈ ਕਿ ਇਸ ਲਈ ਓਹਨਾਂ ਨੂੰ ਕੀ ਮੁੱਲ ਤਾਰਨਾ ਪੈਂਦਾ ਹੈ, ਜਾਂ ਓਹਨਾਂ ਦੀ ਸਥਿਤੀ ਕਿੰਨੀਂ ਅਪਮਾਨਜਨਕ ਹੁੰਦੀ ਹੈ ਜਾਂ ਲੋਕ ਕਿੰਨੇ ਮਖੌਲ ਕਰਦੇ ਹਨ ਜਾਂ ਕਿੰਨੀਆ ਆਲੋਚਨਾਵਾਂ ਕਰਦੇ ਹਨ, ਇਹ ਸਾਰੀਆਂ ਹੀ ਗੱਲਾਂ ਓਹਨਾ ਨੂੰ ਪਰੇਸ਼ਾਨ ਨਹੀ ਕਰਦੀਆਂ ਜੋ ਪੂਰੀ ਤਰਾਂ ਸੰਸਾਰ ਦੀਆਂ ਵਸਤਾਂ ਨਾਲੋਂ ਪ੍ਰਮੇਸ਼ਵਰ ਦੀਆਂ ਗੱਲਾਂ ਲਈ ਅੱਲਗ ਹੋ ਗਏ ਹਨ। ਓਹ ਵਚਨ ਦੀ ਪਾਲਨਾਂ ਕਰਣਗੇ ਅਤੇ ਆਪਣੇ ਆਪ ਨੂੰ ਸੰਸਾਰ ਦੀਆਂ ਵਸਤਾਂ ਨਾਲੋਂ ਵੱਖਰਾ ਕਰਣਗੇ। ਕਿਓਂਕਿ ਵਚਨ ਓਹਨਾਂ ਨੂੰ ਵਖਰੇ ਕਰਦਾ ਹੈ।

26 ਮੈਂ ਜਾਣਦਾ ਹਾਂ ਓਹਨਾਂ ਨੂੰ ਆਲੋਚਨਾਵਾਂ ਦਾ ਸਾਹਮਣਾਂ ਕਰਨਾ ਪੈਂਦਾ ਹੈ। ਪਰ ਜੇਕਰ ਸਾਡੀ ਅਲੋਚਨਾਂ ਨਹੀ ਹੁੰਦੀ ਤਾਂ ਕੁਝ ਨਾ ਕੁਝ ਗੜਬੜ ਹੈ। ਸੰਸਾਰ ਸਦਾ ਆਪਣਿਆਂ ਨੂੰ ਹੀ ਪਛਾਣਦਾ ਹੈ। ਪਰ ਯਾਦ ਰੱਖੋ ਜਿਵੇ ਮੈਂ ਆਖਿਆ ਸੀ ਕਿ ਪ੍ਰਮੇਸ਼ਵਰ ਦੇ ਕਲਾਮ ਲਈ ਅਲੋਚਨਾਵਾਂ ਨੂੰ ਸਹਿਣਾ ਉਸਦੀ ਕਿਰਪਾ ਦੀਆਂ ਪੀੜਾਂ ਨੂੰ ਵਧਾਉਣਾ ਹੈ। ਇਸ ਤੋਂ ਜਾਹਿਰ ਹੁੰਦਾ ਹੈ ਕਿ ਤੁਸੀਂ ਆਪਣੇ ਆਪ ਨੂੰ ਮਸੀਹੀ ਹੋਣ ਲਈ, ਇੱਕ ਮਸੀਹੀ ਵਾਂਗ ਕੰਮ ਕਰਨ ਲਈ, ਇੱਕ ਮਸੀਹੀ ਵਾਂਗ ਰਹਿਣ ਲਈ ਅਤੇ ਪ੍ਰਮੇਸ਼ਵਰ ਦੇ ਹਰੇਕ ਹੁਕਮ ਦੀ ਪਾਲਣਾ ਕਰਨ ਲਈ ਵੱਖਰਾ ਕਰ ਲਿਆ ਹੈ। ਅਤੇ ਇਹ ਵੱਖਰਾ ਹੋਣਾ ਇੱਕ ਨਜੀਰ ਦੀ ਬਿਵਸਥਾ ਹੈ। ਇਹ ਪ੍ਰਮੇਸ਼ਵਰ ਦਾ ਸੱਦਾ ਹੈ ਕੀ ਤੁਸੀਂ ਆਪਣੇ ਆਪ ਨੂੰ ਸੰਸਾਰ ਦੀਆਂ ਵਸਤਾਂ ਨਾਲੋਂ ਵੱਖਰਾ ਕਰ ਲਓ।

27 ਅੱਜ ਰਾਤ ਮੈਂ ਨਿਹਚਾ ਕਰਦਾ ਹਾਂ ਕਿ ਹਰੇਕ ਆਦਮੀ ਅਤੇ ਔਰਤ, ਮੁੰਡਾ ਅਤੇ ਕੁੜੀ ਜੋ ਵੀ ਪ੍ਰਮੇਸ਼ਵਰ ਦੇ ਆਤਮਾ ਤੋਂ ਜੰਮਿਆ ਹੈ ਓਹ ਪ੍ਰਭੂ ਲਈ ਇੱਕ ਨਜੀਰ ਹੈ, ਕਿਓਂਕਿ ਓਹਨਾਂ ਆਪਣੇ ਆਪ ਨੂੰ ਸੰਸਾਰ ਦੀਆਂ ਅਭਿਲਾਸ਼ਾਵਾਂ, ਵਸਤਾਂ ਅਤੇ ਜੋ ਕੁਝ ਵੀ ਉਸ ਵਿਚ ਹੈ ਉਸ ਨਾਲੋਂ ਆਪਣੇ ਆਪ ਨੂੰ ਵਖਰਾ ਕਰ ਲਿਆ ਹੈ।

28 ਤੁਸੀਂ ਇਸ ਸ਼ਹਿਰ ਵਿਚ ਰਹਿੰਦੇ ਹੋ ਜਿਥੇ ਕਿ ਵੱਡੇ ਵੱਡੇ ਸਕੂਲ ਹਨ। ਅਤੇ, ਅਤੇ ਅਸੀਂ ਵੇਖਦੇ ਹਾਂ ਕਿ ਸਾਡਾ ਦੇਸ਼ ਉਚ ਕੋਟੀ ਦੀ ਸਿੱਖਿਆ ਲਈ ਬੁਲਾ ਰਿਹਾ ਹੈ, ਜੋ ਕਿ ਚੰਗੀ ਗੱਲ ਹੈ, ਇਸ ਦੇ ਵਿਰੋਧ ਵਿਚ ਕੁਝ ਨਹੀ ਆਖਦੇ, ਪਰ ਇਹ ਪੜਾਈ—ਲਿਖਾਈ ਤੁਹਾਨੂੰ ਮੁਕਤੀ ਨਹੀ ਦੇ ਸਕਦੀ। ਇਕ ਵਿਗਿਆਨੀ ਕਣਕ ਦੇ ਦਾਣੇ ਨੂੰ ਦੋ—ਫਾੜ ਕਰਕੇ ਤੁਹਾਨੂੰ ਇਹ ਦੱਸ ਸਕਦਾ ਹੈ ਕਿ ਇਹ ਕਿਨਿਆਂ ਵੱਖ—ਵੱਖ ਰਸਾਇਨਿਕ ਤੱਤਾਂ ਤੋਂ ਮਿਲ ਕੇ ਬਣਿਆ ਹੈ। ਪਰ ਓਹ ਇਹ ਨਹੀ ਲਭ ਸਕਦਾ ਕਿ ਇਸ ਦਾਣੇ ਦੇ ਅੰਦਰ ਜੀਵਨ ਕਿੱਥੇ ਹੈ। ਅਤੇ ਇਹ ਪੜਾਈ—ਲਿਖਾਈ ਤੁਹਾਨੂੰ ਗਣਿਤ ਸਿਖਾ ਸਕਦੀ ਹੈ। ਇਤਿਹਾਸ ਅਤੇ ਹੋਰ ਬਹੁਤ ਕੁਝ ਸਿਖਾ ਸਕਦੀ ਹੈ। ਪਰ ਇਹ ਤੁਹਾਡੇ ਵੱਲ ਚਾਨਣ ਨਹੀ ਲਿਆ ਸਕਦੀ। ਤੁਹਾਡੀ ਪੜਾਈ—ਲਿਖਾਈ ਅਜਿਹਾ ਨਹੀ ਕਰੇਗੀ।

29 ਪ੍ਰਮੇਸ਼ਵਰ ਕੋਲ ਤੁਹਾਡੇ ਵਲ ਰੋਸ਼ਨੀ ਲਿਆਉਣ ਦਾ ਇੱਕ ਹੀ ਤਰੀਕਾ ਹੈ, ਓਹ ਇਹ ਹੈ, ਜਦੋਂ ਤੁਸੀਂ ਆਪਣੇ ਆਪ ਨੂੰ ਸੰਸਾਰ ਦੀਆਂ ਸਭਨਾਂ ਵਸਤਾਂ ਅਤੇ ਚਿੰਤਾਵਾਂ ਨਾਲੋਂ ਵੱਖਰਾ ਕਰਨ ਅਤੇ ਸਿਰਫ ਪ੍ਰਮੇਸ਼ਵਰ ਦੇ ਵਾਇਦਾ ਕੀਤੇ ਵਚਨ ਨਾਲ ਚਿੰਬੜਨ ਲਈ ਤਿਆਰ ਹੋ ਜਾਂਦੇ ਹੋ।

30 ਪੌਲੁਸ ਪ੍ਰਭੂ ਲਈ ਇੱਕ ਨਜੀਰ ਸੀ। ਓਹ ਜੀਉਂਦੇ ਪ੍ਰਮੇਸ਼ਵਰ ਦੇ ਵਚਨ ਲਈ ਆਪਣੀ ਪੁਰਾਣੀ ਕਲੀਸਿਯਾ ਨਾਲੋਂ ਵੱਖਰਾ ਕੀਤਾ ਗਿਆ ਸੀ।

31 ਹਾਰੂਨ ਪ੍ਰਭੂ ਲਈ ਇੱਕ ਨਜੀਰ ਸੀ। ਓਹ ਪ੍ਰਧਾਨ ਜਾਜਕ ਹੋਣ ਲਈ ਆਪਣੇ ਭਰਾਵਾਂ ਵਿਚੋਂ ਵਖਰਾ ਕੀਤਾ ਗਿਆ ਸੀ। ਤਾਂ ਕਿ ਆਪਣੇ ਉੱਤੇ ਜਨਮ ਪੱਥਰਾਂ ਨੂੰ ਲਵੇ।

32 ਇਹ ਹੈ ਪੂਰੇ—ਤੌਰ ਨਾਲ ਵੱਖਰਾਪਨ। ਅਸੀਂ ਅੱਗੇ ਤੋਂ ਸੰਸਾਰ ਵਿੱਚ ਵਾਪਿਸ ਨਹੀ ਮੁੜਨਾ ਹੈ ਜਾਂ ਸੰਸਾਰ ਨਾਲ ਕੋਈ ਵਾਸਤਾ ਨਹੀਂ ਰੱਖਣਾ ਹੈ, ਪਰ ਸਿਰਫ ਪ੍ਰਮੇਸ਼ਵਰ ਨਾਲ ਜੁੜੇ ਰਹਿਣਾ ਹੈ। ਯਿਸੂ ਉਸ ਦੁਲਹਨ, ਔਰਤ, ਕਲੀਸਿਯਾ ਲਈ ਆ ਰਿਹਾ ਹੈ ਜਿਸ ਨੇ ਆਪਣੇ ਆਪ ਨੂੰ ਸੰਸਾਰ ਦੀਆਂ ਵਸਤਾਂ ਜਾਂ ਫਿਕਰਾਂ ਨਾਲੋਂ ਅਲੱਗ ਕਰ ਲਿਆ ਹੈ। ਉਸਨੇ ਆਪਣੇ ਆਪ ਨੂੰ ਇਸ ਆਧੁਨਿਕ ਯੁੱਗ ਜਿਸ ਵਿੱਚ ਅਸੀਂ ਰਹਿ ਰਹੇ ਹਾਂ ਦੇ ਫੈਸ਼ਨਾਂ ਨਾਲੋਂ ਵੱਖਰਾ ਕਰ ਲਿਆ ਹੈ। ਓਹ ਗਿਰਜਿਆਂ ਦੇ ਫਿਕਰਾਂ ਅਤੇ ਰੀਤੀ ਰਿਵਾਜਾਂ ਨਾਲੋਂ ਵੱਖਰੀ ਹੋ ਗਈ ਹੈ। ਓਹ ਸਿਰਫ ਪ੍ਰਮੇਸ਼ਵਰ ਲਈ ਵੱਖਰੀ ਹੋਈ ਹੈ ਅਤੇ ਪ੍ਰਮੇਸ਼ਵਰ ਵਚਨ ਹੈ। ਅਤੇ ਜਿਵੇਂ ਪਤੀ ਅਤੇ ਪਤਨੀ ਇੱਕ ਹਨ, ਉਸੇ ਤਰਾਂ ਹੀ ਦੁਲ੍ਹਨ ਅਤੇ ਵਚਨ ਇੱਕ ਹੋ ਜਾਂਦੇ ਹਨ, ਕਿਉਂਕਿ ਵਚਨ, ਦੁਲਹਨ ਦੇ ਵਿੱਚੋ ਦੀ ਜੀਉਂਦਾ ਪ੍ਰਗਟ ਹੋ ਰਿਹਾ ਹੈ। ਇਹ ਇਸੇ ਤਰਾਂ ਹੀ ਹੈ। ਇਹੋ ਹੀ ਲਾੜੀ ਉਸਦਾ ਪ੍ਰਮਾਨ ਪੱਤਰ ਹੈ। ਇਹੋ ਉਸਦੀ ਪਛਾਣ ਹੈ।

33 ਜੇ ਮੈਂ ਪੀ.ਐਚ.ਡੀ. ਜਾਂ ਐਲ.ਐਲ.ਡੀ. ਦੀ ਡਿਗਰੀ ਲੈ ਲਵਾਂ ਅਤੇ ਕਿਸੇ ਜਥੇਬੰਦੀ ਜਾਂ ਕਿਸੇ ਸਕੂਲ ਦਾ ਪ੍ਰਮਾਣ ਪੱਤਰ ਤੁਹਾਨੂੰ ਦਿਖਾਵਾਂ, ਤਾਂ ਓਹ ਸਕੂਲ ਹੀ ਉਸ ਪ੍ਰਮਾਣ ਪੱਤਰ ਨੂੰ ਪਛਾਣੇਗਾ।

34 ਪਰ ਇੱਕ ਸੱਚੇ ਨਿਹਚਾਵਾਨ ਦਾ ਪ੍ਰਮਾਣ ਪੱਤਰ ਇਹੋ ਹੀ ਹੈ ਕਿ ਪ੍ਰਮੇਸ਼ਵਰ ਦਾ ਵਚਨ ਉਸ ਵਿਚ ਰਹਿੰਦਾ ਹੈ ਅਤੇ ਇਹ ਸਾਬਿਤ ਕਰਦਾ ਹੈ ਕਿ ਯਿਸੂ ਮਸੀਹ ਉਸ ਵਿਅਕਤੀ ਦੇ ਅੰਦਰ ਰਹਿੰਦਾ ਹੈ। ਅਜਿਹਾ ਵਿਅਕਤੀ ਹੀ ਪ੍ਰਭੁ ਲਈ ਇਕ ਵੱਖਰਾ ਕਿੱਤਾ ਹੋਇਆ ਨਜੀਰ ਹੈ, ਜਿਸਨੇ ਵਚਨ ਦੀ ਖਾਤਿਰ ਆਪਣੇ ਆਪ ਨੂੰ ਵੱਖਰਾ ਕਰ ਲਿਆ ਹੈ। ਬਾਈਬਲ ਆਖਦੀ ਹੈ, “ਪ੍ਰਮੇਸ਼ਵਰ ਦਾ ਵਚਨ ਦੋ—ਧਾਰੀ ਤਲਵਾਰ ਨਾਲੋਂ ਵੀ ਤਿੱਖਾ ਹੈ ਅਤੇ ਜੀਵ ਅਤੇ ਆਤਮਾ ਨੂੰ ਅਤੇ ਬੰਦ ਬੰਦ ਅਤੇ ਗੁੱਦੇ ਨੂੰ ਅੱਡੋ ਅੱਡ ਕਰਕੇ ਵਿੰਨ ਸੁਟਦਾ ਹੈ ਅਤੇ ਮਨ

ਦਿਆਂ ਵਿਚਾਰਾਂ ਅਤੇ ਧਾਰਨਾਂ ਨੂੰ ਜਾਂਚ ਲੈਂਦਾ ਹੈ।” ਇਹੋ ਹੀ ਕਾਰਨ ਸੀ ਕਿ ਯਿਸੂ ਲੋਕਾਂ ਦੇ ਹਿਰਦਿਆਂ ਨੂੰ ਵੇਖ ਸਕਦਾ ਸੀ ਅਤੇ ਜਾਣ ਸਕਦਾ ਸੀ ਕਿ ਓਹ ਕੀ ਸੋਚ ਰਹੇ ਹਨ: ਕਿਓਂਕਿ ਓਹ ਵਚਨ ਸੀ।

35 ਹੁਣ ਪਹਿਲਾਂ ਆਦਮ ਸੰਸਾਰ ਵਿੱਚ ਜੰਮਿਆ ਸੀ, ਜੰਮਿਆ ਨਹੀ ਪਰ ਪ੍ਰਮੇਸ਼ਵਰ ਦੇ ਰਾਹੀਂ ਸਿਰਜਿਆ ਗਿਆ ਸੀ, ਪਹਿਲੇ ਆਦਮ ਨਰ ਆਪਣੇ ਆਪ ਨੂੰ ਵਚਨ ਨਾਲੋਂ, ਆਪਣੀ ਪਤਨੀ ਲਈ ਵੱਖਰਾ ਕਰ ਲਿਆ ਸੀ। ਪਰ ਜੇ ਓਹ ਚਾਹੁੰਦਾ ਤਾਂ ਓਹ ਪ੍ਰਮੇਸ਼ਵਰ ਦੇ ਵਚਨ ਨਾਲ ਖੜਾ ਰਹਿ ਸਕਦਾ ਸੀ। ਪਰ ਉਸਨੇ ਆਪਣੀ ਪਤਨੀ ਵੱਲ ਦਾ ਹੋਣ ਲਈ ਆਪਣੇ ਆਪ ਨੂੰ ਵਚਨ ਨਾਲੋਂ ਵੱਖਰਾ ਕਰ ਲਿਆ।

36 ਅੱਜ ਦੇ ਦੁਨਿਆਵੀ ਗਿਰਜਿਆਂ ਦੇ ਮੈਂਬਰਾਂ ਵਿੱਚ ਵੀ ਇਹੋ ਹੀ ਗੱਲ ਆਮ ਪਾਈ ਜਾਂਦੀ ਹੈ, ਓਹ ਆਪਣੀਆਂ ਗਿਰਜਿਆਂ ਨੂੰ ਕਾਇਮ ਰਖਣ ਲਈ ਆਪਣੇ ਆਪ ਨੂੰ ਸੱਚੇ ਜਿਉਂਦੇ ਵਚਨ ਨਾਲੋ ਵੱਖਰਾ ਕਰਦੇ ਹਨ। ਜਿਥੇ...ਹਵਾਹ ਨੇ ਪ੍ਰਮੇਸ਼ਵਰ ਦੇ ਵਚਨ ਉੱਤੇ ਸ਼ੱਕ ਕੀਤਾ ਸੀ ਕਿ ਪ੍ਰਮੇਸ਼ਵਰ ਓਹਨਾਂ ਨੂੰ ਸਜਾ ਦੇਵੇਗਾ ਵੀ ਜਾਂ ਨਹੀ। ਸ਼ੈਤਾਨ ਨੇ ਵਚਨ ਤੇ ਸਵਾਲ ਪੈਦਾ ਕੀਤਾ ਅਤੇ ਹਵਾਹ ਨੇ ਇਸਦਾ ਵਿਸ਼ਵਾਸ਼ ਕੀਤਾ।

37 ਅਤੇ ਤਦ ਅੱਜ ਜਦ ਕਲੀਸਿਯਾ ਪ੍ਰਮੇਸ਼ਵਰ ਦੇ ਵਚਨ ਉੱਤੇ ਸ਼ੱਕ ਕਰਦੀ ਹੈ “ਕੀ ਓਹ ਉਸੇ ਤਰਾਂ ਦਾ ਹੈ? ਕੀ ਓਹ ਅੱਜ ਵੀ ਆਪਣੀ ਕਲੀਸਿਯਾ ਵਿਚ ਜਿਉਂਦਾ ਹੈਹੈ ਅਤੇ ਓਹਨਾਂ ਸਾਰੇ ਨਿਸ਼ਾਨਾਂ ਅਤੇ ਅਚੰਭਿਆਂ ਨੂੰ ਕਰਦਾ ਹੈ, ਜੋ ਉਸਨੇ ਤਦ ਕੀਤੇ ਸਨ ਜਦੋਂ ਓਹ ਇਸ ਧਰਤੀ ਉੱਤੇ ਸੀ, ਜਿਹਦਾ ਕੀ ਉਸਨੇ ਯਕੀਨਨ ਸੰਤ ਯਹੂੰਨਾ 14:12 ਵਿੱਚ ਸਾਡੇ ਨਾਲ ਵਾਦਾ ਕੀਤਾ ਸੀ?”

38 “ਓਹ ਜੋ ਮੇਰੇ ਉੱਤੇ ਨਿਹਚਾ ਕਰਦੇ ਹੈ, ਜੋ ਕੰਮ ਮੈਂ ਕਰਦਾ ਹਾਂ ਓਹ ਵੀ ਕਰੇਗਾ, ਪਰ ਇਸ ਨਾਲੋਂ ਵੀ ਵੱਡੇ ਵੱਡੇ ਕੰਮ ਓਹ ਕਰੇਗਾ, ਕਿਓਂਕਿ ਮੈਂ ਆਪਣੇ ਪਿਤਾ ਕੋਲ ਜਾਂਦਾ ਹਾਂ। ਨਿਹਚਾ ਕਰਨ ਵਾਲਿਆਂ ਨਾਲ ਇਹ ਨਿਸ਼ਾਨ ਹੋਣਗੇ।” ਇਹ ਨਿਸ਼ਾਨ ਹੋਣਗੇ।

39 ਅੱਜ ਲੋਕਾਂ ਦੇ ਲਈ ਇਹ ਸਵਾਲ ਹੈ, “ਕੀ ਅਸਲ ਵਿਚ ਉਸ ਦੀਆਂ ਗਲਾਂ ਦਾ ਇਹੋ ਮਤਲਬ ਹੈ?” ਅਤੇ ਜਦੋਂ ਤੁਸੀਂ ਓਹ ਕਬੂਲ ਕਰਦੇ ਹੋਜੋ ਗਿਰਜਾ ਆਖਦਾ ਹੈ, “ਕੀ ਅਸਲ ਵਿੱਚ ਉਸ ਦੀਆਂ ਗੱਲਾਂ ਦਾ ਇਹੋ ਮਤਲਬ ਹੈ?” ਤਦ ਤੁਸੀਂ ਆਪਣੇ ਆਪ ਨੂੰ ਉਸੇ ਹੀ ਹਾਲਤ ਵਿੱਚ ਲੈ ਜਾਂਦੇ ਹੋ ਜੋ ਆਦਮ ਨੇ ਕੀਤਾ ਸੀ ਅਤੇ ਆਪਣੇ ਆਪ ਨੂੰ ਉਸ ਔਰਤ ਨਾਲ ਜੋੜ ਲੈਂਦੇ ਹੋ ਜੋ ਦੁਨਿਆਵੀ ਗਿਰਜੇ ਹਨ, ਅਤੇ ਤੁਸੀਂ ਆਪਣੇ ਆਪ ਨੂੰ ਓਹਨਾਂ ਬਰਕਤਾਂ ਨਾਲੋਂ ਵੱਖਰਾ ਕਰ ਲੈਂਦੇ ਹੋ ਜਿਨ੍ਹਾਂ ਦਾ ਵਾਦਾ ਪ੍ਰਮੇਸ਼ਵਰ ਨੇ ਹਰੇਕ ਉਸ ਵਿਸ਼ਵਾਸੀ ਲਈ ਕੀਤਾ ਹੈ ਜੋ ਕਿ ਵਚਨ ਲਈ ਆਪਣੇ ਆਪ ਨੂੰ ਸੰਸਾਰ ਨਾਲੋਂ ਵੱਖਰਾ ਕਰੇਗਾ। ਹੁਣ, ਇਹੋ ਸਚਿਆਈ ਹੈ।

40 ਸਾਨੂੰ ਉਸ ਦਿਨ ਵਿੱਚ ਰਹਿਣ ਦਾ ਮੌਕਾ ਪ੍ਰਾਪਤ ਹੋਇਆ ਹੈ ਜਦੋਂ ਕਿ ਅਸੀਂ ਵੇਖਦੇ ਹਾਂ ਕਿ ਹਰੇਕ ਯੁੱਗ ਵਿੱਚ ਕਿਸੇ ਨਿਸ਼ਚਿਤ ਘਟਨਾ ਦੇ ਵਾਪਰਨ ਲਈ ਪ੍ਰਮੇਸ਼ਵਰ ਦਾ ਵਚਨ ਅੰਸ਼ ਅੰਸ਼ ਕਰਕੇ ਪ੍ਰਦਾਨ ਕੀਤਾ ਗਿਆ ਹੈ। ਜਦੋਂ ਅਜਿਹਾ ਕਰਨ ਲਈ ਮੁੱਕਰਰ ਕੀਤਾ ਗਿਆ ਹੈ ਕਦੇ ਕਦੇ ਮਨੁੱਖ ਹੈਰਾਨ ਹੁੰਦਾ ਹੈ ਕਿ ਇਹ ਕਿਵੇਂ ਹੋਵੇਗਾ। ਪ੍ਰੋਫ਼ੇਸਰਾਂ ਕੋਲ ਆਪਣੇ ਹੀ ਵਿਚਾਰ ਹੁੰਦੇ ਹਨ। ਪਰ ਪ੍ਰਮੇਸ਼ਵਰ ਨੇ ਓਹਨਾਂ ਯੁਗਾਂ ਵਿੱਚ ਹਮੇਸ਼ਾ ਹੀ ਆਪਣੇ ਨਬੀਆਂ ਨੂੰ ਘਲਿਆ ਹੈ। ਅਤੇ ਪ੍ਰਭੂ ਦਾ ਵਚਨ ਨਬੀ ਦੇ ਕੋਲ ਆਉਂਦਾ ਹੈ ਅਤੇ ਉਸ ਪੀੜੀ ਉੱਤੇ ਵਚਨ ਨੂੰ

ਪ੍ਰਮਾਣਿਤ ਕਰਦਾ ਹੈ। ਅਤੇ ਨਬੀ ਹਮੇਸ਼ਾ ਹੀ ਨਜੀਰ ਹੁੰਦੇ ਹਨ ਅਤੇ ਓਹ ਪ੍ਰਮੇਸ਼ਵਰ ਦੇ ਵਚਨ ਦੀ ਆਗਿਆਕਾਰੀ ਕਰਨ ਲਈ ਹਰੇਕ ਚੀਜ਼ ਤੋਂ ਵੱਖਰੇ ਕੀਤੇ ਹੋਏ ਹੁੰਦੇ ਹਨ।

41 ਕੀ ਤੁਹਾਨੂੰ ਯਾਦ ਨਹੀ ਹੈ ਪਤਰਸ ਅਤੇ ਯਹੂਨਾਂ ਨੇ ਕੀ ਆਖਿਆ ਸੀ, "ਕੀ ਇਹ ਸਾਡੇ ਲਈ ਉਚਿਤ ਹੈ ਕਿ ਅਸੀਂ ਪ੍ਰਮੇਸ਼ਵਰ ਨਾਲੋਂ ਮਨੁੱਖ ਦੀ ਆਗਿਆਕਾਰੀ ਕਰੀਏ?" ਜਦੋਂ ਓਹਨਾਂ ਨੇ ਓਹਨਾਂ ਨੂੰ ਪੰਤੇਕੁਸਤ ਦੇ ਅਨੁਭਵ ਬਾਰੇ ਪੁਛਿਆ ਸੀ।

42 ਹੁਣ ਪਹਿਲੇ ਆਦਮ ਨੇ ਆਪਣੀ ਪਤਨੀ ਨਾਲ ਮਿਲੇ ਰਹਿਣ ਲਈ ਆਪਣੇ ਆਪ ਨੂੰ ਵਚਨ ਨਾਲੋਂ ਵਖਰਾ ਕਰ ਲਿਆ ਸੀ, ਜਿਸਨੇ ਸ਼ੱਕ ਕੀਤਾ ਸੀ ਕਿ ਪ੍ਰਮੇਸ਼ਵਰ ਆਪਣੇ ਵਚਨ ਦੀ ਪਾਲਣਾ ਕਰੇਗਾ ਜਾਂ ਨਹੀ।

43 ਇਹ ਅੱਜ ਦੇ ਸੀਲਗਰਮ ਅਤੇ ਦੁਨਿਆਵੀ ਵਿਚਾਰਾਂ ਵਾਲੇ ਵਿਸ਼ਵਾਸੀਆਂ ਦੀ ਕਿਹੋ ਜਿਹੀ ਸਿਧ ਤਸਵੀਰ ਹੈ ਜਿਹੜੇ ਪ੍ਰਮੇਸ਼ਵਰ ਦੇ ਵਚਨ ਨੂੰ ਲੈਣ ਦੀ ਬਜਾਏ ਅੱਜ ਵੀ ਆਪਣੇ ਰੀਤੀ ਰਿਵਾਜਾਂ ਨਾਲ ਚਿੰਬੜੇ ਰਹਿਣਾ ਚਾਹੁੰਦੇ ਹਨ। ਓਹ ਅਸਲੀ ਨਮੂਨਾ ਹੈ। ਉਸਨੇ ਆਪਣੀ ਪਤਨੀ ਲਈ ਆਪਣੇ ਆਪ ਨੂੰ ਵੱਖ ਕਰ ਲਿਆ ਸੀ। ਅੱਜ ਦੇ ਦੁਨਿਆਵੀ ਵਿਸ਼ਵਾਸੀ ਵੀ ਗਿਰਜੇ ਲਈ ਪ੍ਰਮੇਸ਼ਵਰ ਦੇ ਵਚਨ ਨਾਲੋਂ ਵੱਖ ਹੋ ਗਏ ਹਨ।

44 ਪਰ ਜਦੋਂ ਦੂਸਰੇ ਆਦਮ ਦੀ ਰਚਨਾ ਇੱਕ ਔਰਤ ਦੇ ਗਰਭ ਵਿੱਚ ਕੀਤੀ ਗਈ ਅਤੇ ਓਹ ਇਸ ਸੰਸਾਰ ਵਿੱਚ ਆਇਆ, ਓਹ ਪ੍ਰਮੇਸ਼ਵਰ ਦੇ ਵਚਨ ਲਈ ਨਜੀਰ ਸੀ। ਓਹ ਵਚਨ ਲਈ, ਸੰਸਾਰ ਨਾਲੋਂ ਵੱਖਰਾ ਹੋਇਆ ਸੀ। ਹੁਣ ਇਬਰਾਨੀਆਂ 7 ਬਾਬ ਦੀ 26 ਆਇਤ ਸਾਨੂੰ ਦੱਸਦੀ ਹੈ ਕਿ ਜਾਜਕ ਲਗਾਤਾਰ ਮਰਦੇ ਰਹੇ, ਪਰ ਇਹ ਯਿਸੂ ਪਵਿੱਤਰ ਅਤੇ ਪਾਪੀਆਂ ਨਾਲੋਂ ਨਿਆਰਾ ਕੀਤਾ ਹੋਇਆ ਸੀ।

45 "*ਬੇਪ੍ਰਤੀਤੀ*" ਹੀ ਪਾਪ ਹੈ। ਉਸ ਵਿੱਚ ਕੀਤੇ ਵੀ ਕੋਈ ਬੇਪ੍ਰਤੀਤੀ ਨਹੀ ਸੀ ਪਾਈ ਜਾਂਦੀ। ਜਦੋਂ ਓਹ ਇਸ ਧਰਤੀ ਉੱਤੇ ਸੀ, ਉਸਨੇ ਆਖਿਆ, "ਕੋਣ ਮੇਰੇ ਉੱਤੇ ਪਾਪ ਦਾ ਦੋਸ਼ ਲਾ ਸਕਦਾ ਹੈ?" ਬੇਪ੍ਰਤੀਤੀ ਹੀ ਪਾਪ ਹੈ। "ਜੇਕਰ ਮੈਂ ਓਹਨਾਂ ਗੱਲਾਂ ਨੂੰ ਪੂਰਾ ਨਹੀ ਕੀਤਾ, ਜਿਨ੍ਹਾਂ ਦਾ ਇਸ ਯੁੱਗ ਲਈ ਵਾਦਾ ਕੀਤਾ ਗਿਆ ਸੀ। ਜੋ ਮੈਂ ਮਸੀਹਾ ਹੋਣ ਦੀ ਹਰੇਕ ਮੰਗ ਨੂੰ ਪੂਰਾ ਨਹੀ ਕੀਤਾ, ਜਿਨ੍ਹਾਂ ਨੂੰ ਮਸੀਹਾ ਨੇ ਪੂਰਾ ਕਰਨਾ ਸੀ, ਤਾਂ ਮੇਰਾ ਵਿਸ਼ਵਾਸ ਨਾ ਕਰੋ।" ਆਖਿਆ, 'ਲਿਖਤਾਂ ਦੀ ਖੋਜ ਕਰੋ, ਤੁਸੀਂ ਸੋਚਦੇ ਹੋ ਓਹਨਾਂ ਵਿਚੋਂ ਤੁਹਾਨੂੰ ਸਦੀਪਕ ਜੀਵਨ ਮਿਲੇਗਾ, ਇਹ ਓਹੋ ਹੀ ਹਨ ਜੋ ਮੇਰੇ ਬਾਰੇ ਵਿੱਚ ਗਵਾਹੀ ਦਿੰਦੀਆਂ ਹਨ।" ਅਤੇ ਇਹੋ ਹੀ ਤੁਹਾਨੂੰ ਦਸਦੀਆਂ ਹਨ ਕਿ ਓਹ ਕੋਣ ਹ।

46 ਕਿਉਕਿ ਅਦਨ ਦੇ ਬਾਗ ਤੋਂ ਹੀ ਇਹ ਭਵਿਖਵਾਣੀ ਕੀਤੀ ਗਈ ਸੀ, ਕਿ ਇੱਕ ਮੁਕਤੀਦਾਤਾ ਆਵੇਗਾ। ਨਬੀ ਨੇ ਆਖਿਆ ਸੀ ਕਿ ਓਹ ਇਕ ਕੁੰਵਾਰੀ ਤੋਂ ਪੈਦਾ ਹੋਵੇਗਾ ਅਤੇ ਕਿਵੇਂ ਓਹ "ਇਮਾਨੁਏਲ" ਅਖਵਾਏਗਾ।

47 ਅਤੇ ਓਹ "ਅਚਰਜ ਸਲਾਹੂ, ਸ਼ਾਂਤੀ ਦਾ ਰਾਜਕੁਮਾਰ, ਸਮਰਥੀ ਪ੍ਰਮੇਸ਼ਵਰ ਵੀ ਹੈ।" ਅਤੇ ਇਹਨਾਂ ਹੀ ਗੱਲਾਂ ਨਾਲ ਓਹ ਉਸ ਉੱਤੇ ਦੋਸ਼ ਲਾਉਂਦੇ ਸਨ, ਕਿ ਓਹ ਆਪਣੇ ਆਪ ਨੂੰ ਪ੍ਰਮੇਸ਼ਵਰ ਬਣਾਉਂਦਾ ਹੈ। ਓਹ ਪ੍ਰਮੇਸ਼ਵਰ ਸੀ, ਅਤੇ ਓਹ "ਸ਼ਾਂਤੀ ਦਾ ਰਾਜਕੁਮਾਰ, ਸਾਮਰਥੀ ਪ੍ਰਮੇਸ਼ਵਰ, ਅਤੇ ਅਨਾਦਿ ਪਿਤਾ ਵੀ ਸੀ।"

48 ਆਤਮਿਕ ਢੰਗ ਨਾਲ ਯਿਸੂ ਮਸੀਹ ਤੋਂ ਇਲਾਵਾ ਸਾਡਾ ਕੋਈ ਹੋਰ ਪਿਤਾ ਨਹੀ ਹੈ। ਸਿਰਫ ਯਿਸੂ ਹੀ ਸਾਡਾ ਸਾਰਿਆਂ ਦਾ ਪਿਤਾ ਹੈ। ਅਤੇ ਅਸੀਂ ਵੇਖਦੇ ਹਾਂ ਕਿ ਓਹ ਸਾਰੇ ਹੀ

ਨਿਹਚਾਵਾਨਾਂ ਦਾ ਜਿਹੜੇ ਪ੍ਰਮੇਸ਼ਵਰ ਦੇ ਵਚਨ ਉੱਤੇ ਪ੍ਰਤੀਤੀ ਕਰਨਗੇ ਪਿਤਾ ਹੈ। ਓਹ ਆਪਣੀ ਮਾਂ ਤੋਂ, ਸੰਸਾਰ ਤੋਂ, ਗਿਰਜੇ ਤੋਂ, ਉਸਦੇ ਰੀਤੀ ਰਿਵਾਜਾਂ ਤੋਂ ਪੂਰੀ ਤਰਾਂ ਨਾਲ ਵੱਖਰਾ ਸੀ ਅਤੇ ਉਸਨੇ ਸਿਰਫ ਓਹੋ ਹੀ ਕੀਤਾ ਜਿਹਨਾਂ ਕੰਮਾਂ ਨੇ ਉਸਦੇ ਪਿਤਾ ਨੂੰ ਪ੍ਰਸੰਨ ਕੀਤਾ।

49 ਹੁਣ, ਓਹ ਆਦਮ ਨਾਲੋਂ ਵੱਖਰੀ ਕਿਸਮ ਦਾ ਵਿਅਕਤੀ ਸੀ। ਕੋਈ ਪ੍ਰਵਾਹ ਨਹੀ ਕੋਈ ਉਸ ਉੱਤੇ ਜਾਂ ਉਸ ਦੇ ਵਚਨ ਉੱਤੇ ਕੀ ਪ੍ਰਸ਼ਨ ਕਰਦਾ ਹੈ, ਇਹ ਪਹਿਲਾਂ ਤੋਂ ਹੀ ਵਚਨ ਸੀ। ਉਸਨੇ ਸਾਬਤ ਕੀਤਾ ਕਿ ਵਚਨ ਹੀ ਸੱਚਾ ਹੈ।

50 ਜਦੋਂ ਸ਼ੈਤਾਨ ਨੇ ਇਸ ਉੱਤੇ ਵਚਨ ਦੀ ਸਫੈਦੀ ਕਰਨ ਦੀ ਕੋਸ਼ਿਸ਼ ਕੀਤੀ ਅਤੇ ਆਖਿਆ, “ਇਹ ਲਿਖਿਆ ਹੋਇਆ ਹੈ…”

51 ਉਸਨੇ ਆਖਿਆ, “ਹਾਂ ਇਹ ਵੀ ਲਿਖਿਆ ਹੋਇਆ ਹੈ…” ਉਸਨੇ ਸ਼ੈਤਾਨ ਦਾ ਮੁਕਾਬਲਾ ਵਚਨ ਨਾਲ ਕੀਤਾ, ਕਿਉਕਿ ਓਹ ਆਪ ਹੀ ਵਚਨ ਸੀ।

52 ਬਾਈਬਲ ਵਿਚ ਪਹਿਲਾ ਯੂਹੰਨਾ, ਸੰਤ ਯੂਹੰਨਾ ਦੇ ਪਹਿਲੇ ਅਧਿਆਏ ਵਿਚ ਆਖਿਆ ਹੈ, “ਆਦਿ ਵਿੱਚ ਵਚਨ ਸੀ ਅਤੇ ਵਚਨ ਪ੍ਰਮੇਸ਼ਵਰ ਦੇ ਨਾਲ ਸੀ ਅਤੇ ਵਚਨ ਹੀ ਪ੍ਰਮੇਸ਼ਵਰ ਸੀ। ਅਤੇ ਵਚਨ ਦੇਹ ਧਾਰੀ ਹੋਇਆ ਅਤੇ ਸਾਡੇ ਵਿਚ ਵਾਸ ਕੀਤਾ।” ਓਹ ਕੱਲ ਅੱਜ ਅਤੇ ਯੁਗੋ ਯੁਗ ਇੱਕੋ ਜਿਹਾ ਹੈ।

53 ਪ੍ਰਮੇਸ਼ਵਰ ਦੇ ਬੋਲੇ ਹੋਏ ਵਚਨ ਵਿਚ ਅਤੇ ਜੋ ਪ੍ਰਮੇਸ਼ਵਰ ਨੇ ਉਸ ਯੁਗ ਲਈ ਵਾਦਾ ਕੀਤਾ ਹੈ, ਉਸ ਵਿਚ ਹਮੇਸ਼ਾ ਹੀ ਸੰਬੰਧ ਹੁੰਦਾ ਹੈ। ਅਤੇ ਜਦੋਂ ਇਹ ਆਉਂਦਾ ਹੈ ਤਾਂ ਇਹ ਇਨਾਂ ਕੁ ਅਸਾਧਾਰਨ ਹੁੰਦਾ ਹੈ ਕਿ ਲੋਕ ਇਸਨੂੰ ਬੜੀ ਮੁਸ਼ਕਿਲ ਨਾਲ ਸਮਝ ਸਕਦੇ ਹਨ, ਕਿਉਂਕਿ ਅਸੀਂ ਆਪਣਿਆਂ ਰੀਤੀ ਰਿਵਾਜਾਂ ਅਤੇ ਯੋਜਨਾਵਾਂ ਵਿਚ ਇੰਨੇ ਕੁ ਬਝੇ ਹੋਏ ਹੁੰਦੇ ਹਾਂ ਕਿ ਸਚਾਈ ਨੂੰ ਸਮਝਣਾ ਸਾਡੇ ਲਈ ਬਹੁਤ ਮੁਸ਼ਕਿਲ ਹੋ ਜਾਂਦਾ ਹੈ ਅਤੇ ਸਾਡੇ ਲਈ ਸਮਝਣਾ ਬਹੁਤ ਹੀ ਕਠਿਨ ਹੋ ਜਾਂਦਾ ਹੈ ਕਿ ਸਚਿਆਈ ਕੀ ਹ।

54 ਮੈਂ ਸੋਚਦਾ ਹਾਂ ਜਦੋਂ ਮਰੀਅਮ ਗਰਭਵਤੀ ਸੀ ਉਸ ਸਮੇਂ ਯੂਸੁਫ਼ ਨਾਲ ਵੀ ਅਜਿਹਾ ਬਹੁਤ ਕੁਝ ਹੋਇਆ ਹੋਵੇਗਾ। ਓਹ ਮਾਂ ਬਣਨ ਵਾਲੀ ਸੀ। ਅਤੇ ਯੂਸੁਫ਼ ਮਰੀਅਮ ਨੂੰ ਪਿਆਰ ਕਰਦਾ ਸੀ ਅਤੇ ਓਹ ਉਸ ਵਿਚ ਵਿਸ਼ਵਾਸ ਰੱਖਣਾ ਚਾਹੁੰਦਾ ਸੀ। ਓਹ ਇੱਕ ਧਰਮੀ ਅਤੇ ਭਲਾ ਮਨੁੱਖ ਸੀ, ਅਤੇ ਓਹ ਉਸ ਕਹਾਣੀ ਵਿੱਚ ਵਿਸ਼ਵਾਸ ਕਰਨਾ ਚਾਹੁੰਦਾ ਸੀ ਜੋ ਮਰੀਅਮ ਉਸਨੂੰ ਸੁਨਾ ਰਹੀ ਸੀ, ਪਰ ਫਿਰ ਵੀ ਇੱਕ ਸਵਾਲ ਸੀ। “ਹੁਣ, ਓਹ ਇੱਕ ਭਲੀ ਔਰਤ ਸੀ।” ਕੋਈ ਸ਼ੱਕ ਨਹੀ ਮਰੀਅਮ ਨੇ ਉਸਨੂੰ ਆਪਣੇ ਕੋਲ ਜਿਬਰਾਏਲ ਦੂਤ ਦੇ ਆਉਣ ਦੀ ਸਾਰੀ ਕਹਾਣੀ ਦਾ ਵਰਣਨ ਕਰ ਦਿੱਤਾ ਸੀ। ਅਤੇ ਓਹ ਦਾਊਦ ਦੇ ਵੰਸ਼ ਵਿੱਚੋ ਇੱਕ ਭਲਾ ਮਨੁੱਖ ਸੀ।

55 ਅਤੇ ਤਦ ਅਜਿਹਾ ਲਗ ਰਿਹਾ ਸੀ ਕਿ ਮਰੀਅਮ ਆਪਣੀ ਨਿੰਦਾ ਨੂੰ ਮਿਟਾਉਣ ਲਈ ਉਸਨੂੰ ਢਾਲ ਦੇ ਰੂਪ ਵਿੱਚ ਪ੍ਰਯੋਗ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਕਿਉਂਕਿ ਜੇ ਉਸਦੀ ਕੁੜਮਾਈ ਉਸ ਨਾਲ ਹੋ ਗਈ ਸੀ ਅਤੇ ਉਸਦਾ ਅਜਿਹੀ ਹਾਲਤ ਵਿੱਚ ਹੋਣਾ, ਵਿਭਚਾਰ ਦੇ ਪਾਪ ਵਿੱਚ ਪਾਏ ਜਾਣ ਦੇ ਵਾਂਗ ਹੀ ਸੀ (ਬਿਵਸਥਾਸਾਰ ਸਾਨੂੰ ਅਜਿਹਾ ਹੀ ਦੱਸਦੀ ਹੈ) ਅਤੇ ਅਜਿਹਾ ਕੰਮ ਕਰਨ ਵਾਲੇ ਨੂੰ ਪਥਰਾਓ ਕੀਤਾ ਜਾਣਾ ਹੁੰਦਾ ਸੀ ਅਤੇ ਅਜਿਹਾ ਪ੍ਰਤੀਤ ਹੋ ਰਿਹਾ ਸੀ ਕਿ ਓਹ ਉਸਨੂੰ ਢਾਲ ਦੇ ਰੂਪ ਵਿੱਚ ਵਰਤ ਰਹੀ ਹੈ।

56 ਮਨੁੱਖ ਸੀ, ਓਹ ਇੱਕ ਭਲਾ ਆਦਮੀ ਸੀ, ਬਾਈਬਲ ਕਹਿੰਦੀ ਹੈ ਕਿ ਓਹ ਭਲਾ ਮਨੁੱਖ ਸੀ। ਪਰ ਉਸਦਾ ਮਾਮਲਾ ਇੰਨਾ ਅਜੀਬ ਸੀ ਕਿ ਓਹ ਇਸਨੂੰ ਸਮਝ ਨਹੀ ਸਕਿਆ ਸੀ। ਉਸਨੇ ਉਸਦੇ ਮਾਸੂਮ ਚਿਹਰੇ ਵੱਲ ਵੇਖਿਆ ਹੋਵੇਗਾ ਅਤੇ ਉਸ ਨੇ ਨਿਸ਼ਕਪਟਤਾ ਅਤੇ ਇਮਾਨਦਾਰੀ ਨੂੰ ਵੇਖਿਆ ਹੋਵੇਗਾ ਜਿਸ ਵਿੱਚ ਓਹ ਉਸ ਨੂੰ ਆਪਣੀ ਕਹਾਣੀ ਸੁਣਾ ਰਹੀ ਸੀ। ਅਤੇ ਕੋਈ ਸ਼ੱਕ ਨਹੀ ਕਿ ਓਹ ਆਪਣੇ ਘਰ ਜਾ ਆਪਣੀ ਤਰਖਾਣ ਦੀ ਦੁਕਾਨ ਤੇ ਗਿਆ ਅਤੇ ਆਖਿਆ ਹੋਵੇਗਾ, "ਮੈਂ—ਮੈਂ ਅਜਿਹਾ ਕੁਝ ਵੀ ਵੇਖ ਨਹੀ ਸਕਦਾ ਕਿ ਮਰੀਅਮ ਮੈਨੂੰ ਗਲਤ ਦੱਸ ਰਹੀ ਹੈ, ਪਰ ਉਸਦਾ ਗਰਭਵਤੀ ਹੋਣਾ ਬਹੁਤ ਅਸਾਧਾਰਨ ਗੱਲ ਹੈ।"

57 ਜੇਕਰ ਉਸਨੇ ਸਿਰਫ ਲਿਖਤਾਂ ਦੀ ਖੋਜ ਕੀਤੀ ਹੁੰਦੀ ਕਿ "ਇੱਕ ਕੁਆਰੀ ਗਰਭਵਤੀ ਹੋਵੇਗੀ।" ਵੇਖੋ ਇਹ ਗੱਲ ਉਸ ਲਈ ਬਹੁਤ ਹੀ ਅਜੀਬ ਸੀ, ਕਿਉਂਕਿ ਅਜਿਹਾ ਹੋਣਾ ਉਸ ਦੀ ਸੋਚ ਦੀ ਰੇਖਾ ਤੋਂ ਬਾਹਰ ਦੀ ਗੱਲ ਸੀ, ਪਰ ਓਹ ਦਾ ਗਰਭਵਤੀ ਹੋਣਾ ਬਿਲਕੁਲ ਵਚਨ ਵਿੱਚ ਪਾਇਆ ਜਾਂਦਾ ਸੀ।

58 ਅਤੇ ਭਾਇਓ, ਠੀਕ ਇਹੋ ਹੀ ਅੱਜ ਵੀ ਹੈ ਯਿਸੂ ਮਸੀਹ ਦੇ ਜੀ ਉਠਣ ਦੀ ਸ਼ਕਤੀ ਅਤੇ ਇਸ ਸਮੇਂ ਲਈ ਉਸਦਾ ਵਾਦਾ ਕੀਤਾ ਹੋਇਆ ਵਚਨ ਇੰਨਾ ਕੁ ਅਜੀਬ ਹੈ ਕਿ ਭਲੇ ਮਨੁੱਖ ਵੀ ਇਸ ਤੋਂ ਠੋਕਰ ਖਾ ਕੇ ਡਿੱਗ ਜਾਂਦੇ ਹਨ। ਇਹ ਅਤਿਅੰਤ ਅਜੀਬ ਹੈ। ਓਹ ਆਖਦੇ ਹਨ, ਮੁਰਦੇ ਜੀਉਂਦੇ ਕੀਤੇ ਗਏ ਹਨ, ਅੰਨੇ ਵੇਖਦੇ ਹਨ, ਬੋਲ਼ੇ ਸੁਣਦੇ ਹਨ, ਪਵਿੱਤਰ ਆਤਮਾ ਲੋਕਾਂ ਦੇ ਹਿਰਦਿਆਂ ਦੇ ਗੁਪਤ ਵਿਚਾਰਾਂ ਨੂੰ ਪ੍ਰਗਟ ਕਰਦਾ ਹੈ ਅਤੇ ਭਵਿੱਖਬਾਣੀਆਂ, ਇੱਕ ਵਾਰੀ ਵੀ ਗਲਤ ਨਹੀ ਹੋਈਆਂ ਹਨ। ਔਹ, ਓਹ ਨਹੀ ਸਮਝ ਸਕਦੇ, ਓਹ ਇਸਨੂੰ ਸਮਝ ਨਹੀ ਸਕਦੇ ਹਨ। ਇਹ ਬਹੁਤ ਹੀ ਅਜੀਬ ਹੈ, ਇਸ ਲਈ ਓਹ ਆਖਦੇ ਹਨ, "ਇਹ ਤਾਂ ਦਿਲਾਂ ਦੇ ਵਿਚਾਰ ਬੁਝਣ ਦੀ ਕਲਾ ਹੈ ਜਾਂ ਇਹ ਤਾਂ ਦੁਸ਼ਟ ਆਤਮਾ ਹੈ," ਬਿਲਕੁਲ ਉਸੇ ਤਰਾਂ ਜਿਵੇਂ ਓਹਨਾਂ ਨੇ ਉਸ ਦਿਨ ਕੀਤਾ ਸੀ। ਪ੍ਰਮੇਸ਼ਵਰ ਦੇ ਵਚਨ ਦੀ ਅਸਾਧਾਰਣਤਾਈ।

59 ਪਰ ਜਦੋਂ ਇੱਕ ਮਨੁੱਖ ਨਿਹਚਾਵਾਨ ਬਣਨ ਲਈ ਇਸ ਸੰਸਾਰ ਵਿੱਚ ਪੈਦਾ ਹੁੰਦਾ ਹੈ, ਓਹ ਇੱਕ ਨਜੀਰ ਬਣ ਜਾਂਦਾ ਹੈ, ਜਦੋ ਓਹ ਆਪਣੇ ਆਪ ਨੂੰ ਹਰੇਕ ਉਸ ਚੀਜ਼ ਨਾਲੋਂ ਵਖਰਾ ਕਰ ਲੈਂਦਾ ਹੈ ਜੋ ਖੁਦਾ ਦੇ ਵਚਨ ਦਾ ਵਿਰੋਧ ਕਰਦੀ ਹੈ, ਪੂਰੀ ਤਰਾਂ ਨਾਲ ਵੱਖਰੇ ਹੋ ਜਾਣਾ। ਯਿਸੂ ਨੇ ਆਖਿਆ, "ਮੈਂ ਆਦਮੀ ਨੂੰ ਉਸਦੀ ਪਤਨੀ ਤੋਂ ਵੱਖ ਕਰਨ ਲਈ ਆਇਆ ਹਾਂ, ਪਰਿਵਾਰ ਵਿੱਚ ਫੁੱਟ ਪਾਉਣ ਲਈ ਆਇਆ ਹਾਂ। ਅਤੇ ਓਹ ਜੋ ਆਪਣੀ ਸਲੀਬ ਚੁੱਕ ਕੇ, ਮੇਰੇ ਪਿੱਛੇ ਨਹੀ ਆਉਂਦਾ, ਓਹ ਮੇਰਾ ਅਖਵਾਉਣ ਦੇ ਯੋਗ ਨਹੀ ਹੈ।" ਇੱਕ ਵੱਖਰਾਪਨ, ਹਰੇਕ ਗੱਲ ਤੋਂ, ਹਰੇਕ ਚੀਜ਼ ਤੋਂ;ਗਿਰਜੇ ਤੋਂ, ਸਮਾਜ ਤੋਂ—ਤੋਂ, ਭਰੋਸੇ ਤੋਂ ਜਾਂ ਪਰਿਵਾਰ ਤੋਂ, ਜਾਂ ਜੋ ਕੁਝ ਵੀ ਤੁਹਾਡੇ ਅਤੇ ਪ੍ਰਮੇਸ਼ਵਰ ਦੇ ਸੰਪੂਰਨ ਵਚਨ ਉੱਤੇ ਨਿਹਚਾ ਕਰਨ ਦੇ ਦਰਮਿਆਨ ਰੁਕਾਵਟ ਬਣ ਕੇ ਖਲੋਤਾ ਹੋਇਆ ਹੈ। ਉਸ ਨਾਲੋਂ ਵੱਖ ਹੋ ਜਾਓ। ਜੇਕਰ ਤੁਹਾਡਾ ਪ੍ਰਾਣ ਇਸ ਸਮੇਂ ਦੇ ਹਰੇਕ ਵਾਅਦੇ ਦੇ ਲਈ, "ਆਮੀਨ" ਨਹੀ ਆਖਦਾ, ਤਾਂ ਤੁਹਾਡੇ ਅੰਦਰ ਕਿਤੇ ਨਾ ਕਿਤੇ ਕੁਝ ਗੜਬੜ ਹੈ। ਤੁਹਾਨੂੰ ਵੱਖਰੇ ਹੋਣ ਦੀ ਜਰੂਰਤ ਹੈ।

60 ਇਸ ਲਈ ਯਿਸੂ ਵਚਨ ਦੇਹਧਾਰੀ ਹੋਇਆ ਸੀ ਅਤੇ ਓਹ ਪਾਪੀਆਂ ਅਤੇ ਬੇਪ੍ਰਤਿਤਿਆਂ ਨਾਲੋਂ ਪੂਰੇ ਤੌਰ ਨਾਲ ਵੱਖ ਹੋਇਆ—ਹੋਇਆ ਸੀ ਅਤੇ ਵਚਨ ਖੁਦ ਹੀ ਪੂਰੇ ਤੌਰ ਨਾਲ ਪ੍ਰਗਟ ਹੋ ਰਿਹਾ ਸੀ, ਅਤੇ ਉਸ ਵਿਚੋਂ ਪੂਰੀ ਤਰਾਂ ਵਹਿ ਰਿਹਾ ਸੀ ਕੀ ਉਸਨੇ ਆਖਿਆ, "ਮੈਂ ਤਦ ਤੱਕ ਕੁਝ ਨਹੀ ਕਰਦਾ ਜਦ ਤਕ ਮੈਂ ਪਿਤਾ ਨੂੰ ਪਹਿਲਾਂ ਕਰਦੇ ਹੋਏ ਨਾਂ ਵੇਖ ਲਵਾਂ।" ਓਹ ਉਸ ਤੋਂ ਸਵਾਲ ਪੁਛਦੇ ਸਨ, ਉਸ ਨਾਲ ਵਾਦ ਵਿਵਾਦ ਕਰਦੇ ਸਨ। ਉਸ ਨੇ ਆਖਿਆ, "ਮੈਂ ਤੁਹਾਨੂੰ

ਸਚ ਸਚ ਆਖਦਾ ਹਾਂ, ਪੁੱਤਰ ਆਪਣੇ ਆਪ ਕੁਝ ਨਹੀ ਕਰ ਸਕਦਾ, ਪਰ ਓਹ ਤਾਂ ਸਿਰਫ ਓਹੋ ਹੀ ਕਰਦਾ ਹੈ, ਜੋ ਓਹ ਪਿਤਾ ਨੂੰ ਕਰਦੇ ਹੋਏ ਵੇਖਦਾ ਹੈ।" ਅਤੇ, ਧਿਆਨ ਦਿਉ, ਜੋ ਕੁਝ ਵੀ ਉਸ ਨੇ ਕਿਹਾ ਓਹ ਸੰਪੂਰਨ ਸੀ। ਉਸਨੂੰ ਇਸਦੇ ਬਾਰੇ ਕੁਝ ਪੁਛਣ, ਜਾਂ ਸੋਚਣ ਦੀ ਲੋੜ ਨਹੀ ਸੀ; ਇਹ ਸੰਪੂਰਨ ਸੀ। ਅਤੇ ਉਸਦੀ ਸੰਪੂਰਨ ਸਚਿਆਈ ਨੇ ਹਮੇਸ਼ਾ ਹੀ ਸਚਿਆਈ ਨੂੰ ਗਲਤੀਆਂ ਨਾਲੋਂ ਵੱਖਰਾ ਕੀਤਾ ਸੀ।

61 ਜਿਵੇਂ ਕਿ ਮੈਂ ਇਸ ਹਵਾਲੇ ਨੂੰ ਬਾਰ—ਬਾਰ ਦੋਹਰਾਵਾਂਗਾ, ਉਸਦੀ ਮਾਂ ਨੇ ਆਖਿਆ, "ਮੈਂ ਅਤੇ ਤੇਰਾ ਪਿਤਾ," ਓਹਨਾਂ ਜਾਜਕਾਂ ਦੇ ਸਾਮਣੇ ਓਹ ਪਹਿਲਾਂ ਹੀ ਆਖ ਚੁੱਕੀ ਸੀ ਕਿ ਓਹ ਇੱਕ ਕੁੰਵਾਰੀ ਤੋਂ ਪੈਦਾ ਹੋਇਆ ਪੁੱਤਰ ਸੀ। ਪਰ ਉਸਨੇ ਆਪਣੇ ਗਮ ਦੇ ਪਲਾਂ ਵਿੱਚ…

62 ਕਿਵੇਂ ਬਾਰਾਂ ਸਾਲਾਂ ਦਾ ਇੱਕ ਮੁੰਡਾ ਅਜਿਹਾ ਕਰ ਸਕਿਆ ਅਤੇ ਸਾਡੇ ਕੋਲ ਕੋਈ ਵੀ ਪ੍ਰਮਾਣ ਨਹੀ ਹੈ ਕਿ ਓਹ ਕਦੀ ਸਕੂਲ ਗਿਆ ਹੋਵੇ, ਪਰ ਓਹ ਮੁੰਡਾ ਬੁਧੀਮਾਨੀ ਵਿੱਚ ਇੰਨਾ ਜਾਦਾ ਸ਼ਰੇਸ਼ਟ ਕਿਵੇਂ ਹੋ ਸਕਦਾ ਸੀ ਓਹ ਜਾਜਕਾਂ, ਧਰਮਸ਼ਾਸਤਰੀਆਂਅਤੇ ਗਿਆਨੀਆਂ ਨਾਲ ਵਾਦ—ਵਿਵਾਦ ਕਰ ਰਿਹਾ ਸੀ। ਅਤੇ ਕਿਓਂ ਜਦੋਂ ਮਰੀਅਮ ਨੇ ਯੂਸੁਫ਼ ਨੂੰ ਉਸਦਾ ਪਿਤਾ ਆਖਿਆ, ਤਾਂ ਉਸੇ ਹੀ ਸਮੇਂ ਪ੍ਰਮੇਸ਼ਵਰ ਦੇ ਵਚਨ ਨੇ…ਓਹ ਵਖਰਾ ਕੀਤਾ ਹੋਇਆ ਸੀ। ਓਹ ਵਚਨ ਸੀ ਅਤੇ ਵਚਨ ਨੇ ਗਲਤੀ ਦਾ ਸੁਧਾਰ ਕੀਤਾ ਅਤੇ ਆਖਿਆ, "ਕੀ ਤੁਸੀਂ ਨਹੀ ਜਾਣਦੇ ਸੀ, ਭਈ ਮੈਨੂੰ ਚਾਹਿਦਾ ਹੈਜੋ ਮੈਂ ਆਪਣੇ ਪਿਤਾ ਦੇ ਕੰਮਾਂ ਵਿੱਚ ਲੱਗਿਆ ਰਹਾਂ।" ਓਹ ਬਸ ਬਾਰਾਂ ਸਾਲ ਦਾ ਛੋਟਾ ਜਿਹਾ ਮੁੰਡਾ ਹੀ ਨਹੀ ਸੀ, ਬਲਕਿ ਓਹ ਪ੍ਰਮੇਸ਼ਵਰ ਦਾ ਵਚਨ ਸੀ ਜੋ ਉਸ ਮੁੰਡੇ ਦੇ ਮੂੰਹ ਵਿੱਚੋਂ ਉਸ ਗਲਤੀ ਦਾ ਸੁਧਾਰ ਕਰ ਰਿਹਾ ਸੀ। ਉਸੇ ਤਰਾਂ ਵੱਖਰਾ ਕਰ ਰਿਹਾ ਸੀ ਜਿਵੇਂ ਉਸ ਨੇ ਆਦਿ ਵਿੱਚ ਚਾਨਣ ਨੂੰ ਹਨੇਰੇ ਨਾਲੋਂ, ਸਚਿਆਈ ਨੂੰ ਝੂਠ ਨਾਲੋਂ ਅਤੇ ਜੀਵਨ ਨੂੰ ਮੌਤ ਨਾਲੋਂ ਵੱਖਰਾ ਕੀਤਾ ਸੀ।

63 ਇਹ ਹੈ ਵੱਖਰਾਪਨ। ਹਮੇਸ਼ਾ ਹੀ ਪ੍ਰਮੇਸ਼ਵਰ ਦੇ ਵਚਨ ਦੀ ਮੰਗ ਕਿਸੇ ਵੀ ਹਾਲਤ ਵਿੱਚ ਪੂਰੇ ਅਤੇ ਮੁੰਕਮਲ ਤੌਰ ਨਾਲ ਵੱਖਰੇ ਹੋਣ ਦੀ ਹੈ। ਯਿਸੂ ਨੇ ਆਖਿਆ, "ਹਰੇਕ ਮਨੁੱਖ ਦਾ ਵਚਨ ਝੂਠਾ ਠਹਿਰੇ ਪ੍ਰੰਤੂ ਮੇਰਾ ਵਚਨ ਸੱਚਾ ਠਹਿਰੇ।"

64 ਸਾਰੇ ਹੀ ਕਲੀਸਿਆਈ ਯੁਗਾਂ ਵਿੱਚ ਇਹੋ ਹੀ ਗੱਲ ਵਾਪਰੀ ਹੈ। ਇਹ ਹੈ ਵੱਖਰੇ ਹੋਣਾ। ਹਮੇਸ਼ਾ ਹੀ ਓਹ ਆਪਣੇ ਲੋਕਾਂ ਨੂੰ ਬੇਪ੍ਰਤੀਤੀ ਨਾਲੋਂ ਵਖਰੇ ਕਰਦਾ ਹੈ। ਉਸਨੇ ਆਦਿ ਵਿੱਚ ਵੀ ਇਹੋ ਹੀ ਕੀਤਾ ਸੀ ਅਤੇ ਅੱਜ ਵੀ ਓਹ ਇਹੋ ਹੀ ਕਰਦਾ ਹੈ। ਨਬੀਆਂ ਵਿਚੋਂ ਹਰੇਕ ਨਬੀ ਬੇਪ੍ਰਤੀਤੀ ਨਾਲੋਂ ਵੱਖਰਾ ਹੋਇਆ—ਹੋਇਆ ਸੀ। ਕਾਰਨ ਓਹਨਾਂ ਨੇ ਅਜਿਹਾ ਕੀਤਾ ਕਿਓਂਕਿ ਪ੍ਰਭੂ ਦਾ ਵਚਨ ਓਹਨਾਂ ਦੇ ਕੋਲ ਆਇਆ ਸੀ।

65 ਹੁਣ ਮੇਰਾ ਯਕੀਨ ਹੈ ਕਿ ਮੈਂ ਕਿਤੇ ਇੱਕ ਰਾਤ ਨੂੰ ਜਾਂ ਸ਼ਾਇਦ ਐਤਵਾਰ ਜਾਂ ਬੀਤੀ ਰਾਤ ਨੂੰ ਇੱਥੇ ਪੁਰਾਣੇ ਨੇਮ ਵਿੱਚ ਪਾਏ ਜਾਣ ਵਾਲੇ ਸ਼ਬਦ ਦਰਸ਼ੀ ਦਾ ਅਰਥ ਦੱਸ ਰਿਹਾ ਸੀ। ਇਸ ਦਾ ਅਰਥ ਹੁੰਦਾ ਹੈ "ਓਹ ਖੁਦਾਈ ਮਨੁੱਖ, ਜੋ ਭਵਿੱਖ ਵਿੱਚ ਹੋਣ ਵਾਲੀਆਂ ਘਟਨਾਵਾਂ ਦੇ ਬਾਰੇ ਦੱਸ ਸਕਦਾ ਹੈ।" ਅਤੇ ਜੋ ਜੋ ਘਟਨਾਵਾਂ ਓਹ ਵਾਪਰਨ ਲਈ ਦੱਸਦਾ ਹੈ, ਜਦ ਓਹ ਬਿਨਾਂ ਅਸਫਲ ਹੋਏ ਉਸੇ ਹੀ ਤਰਾਂ ਵਾਪਰਦੀਆਂ ਹਨ ਜਿਵੇਂ ਆਖਿਆ ਹੁੰਦਾ ਹੈ ਤਦ ਪ੍ਰਮੇਸ਼ਵਰ ਆਖਦਾ ਹੈ, "ਤੁਸੀਂ ਇਸ ਮਨੁੱਖ ਦੀ ਸੁਣੋ, ਉਸਦਾ ਭੈ ਮੰਨੋ, ਕਿਓਂਕਿ ਮੈਂ ਉਸਦੇ ਸੰਗ ਹਾਂ।" ਤਦ ਉਸਦੇ ਕੋਲ ਲਿਖੇ ਹੋਏ ਵਚਨ ਦਾ ਰੱਬੀ ਅਨੁਵਾਦ ਹੁੰਦਾ ਸੀ। ਇਹੋ ਹੀ ਉਸਦਾ ਪ੍ਰਮਾਣ ਪੱਤਰ ਹੁੰਦਾ ਸੀ ਕਿ ਓਹ ਪ੍ਰਮੇਸ਼ਵਰ ਦਾ ਨਬੀ ਹੈ ਅਤੇ ਪ੍ਰਮੇਸ਼ਵਰ ਦਾ ਵਚਨ ਉਸਦੇ ਕੋਲ ਆਇਆ ਹੈ। ਇਹ ਬਿਲਕੁਲ ਸਹੀ ਹੈ।

66 ਹੁਣ ਵੱਖਰੇ ਹੋਣਾ। ਇਸਨੇ ਹੀ ਯਸਾਯਾਹ ਨੂੰ ਗਿਰਜੇ ਦੀ ਦੁਨਿਆ ਤੋਂ ਵੱਖਰਾ ਕੀਤਾ। ਇਸਨੇ ਮੂਸਾ ਨੂੰ ਗਿਰਜੇ ਦੀ ਦੁਨਿਆ ਤੋਂ ਵੱਖਰਾ ਕੀਤਾ ਸੀ। ਇਸ ਵਚਨ ਨੇ ਹੀ ਓਹਨਾਂ ਸਾਰੇ ਮਹਾਨ ਨਬੀਆਂ ਨੂੰ ਓਹਨਾਂ ਸਾਰੇ ਹੀ ਯੁਗਾਂ ਵਿੱਚ ਗਿਰਜੇ ਦੀ ਦੁਨੀਆਂ ਨਾਲੋਂ ਵਖਰਾ ਕੀਤਾ ਸੀ। ਕਿਓਂਕਿ ਓਹਨਾਂ ਕੋਲ ਸੀ...ਇਸੇ ਹੀ ਵਚਨ ਨੇ ਯਿਸੂ ਨੂੰ ਉਸਦੇ ਭਰਾਵਾਂ ਨਾਲੋਂ ਵੱਖਰਾ ਕੀਤਾ ਸੀ। ਇਸਨੇ ਚੇਲਿਆਂ ਨੂੰ ਉਸ ਸਮੇਂ ਦੇ ਗਿਰਜਿਆਂ ਅਤੇ ਉਸ ਸਮੇਂ ਦੇ ਫਰੀਸੀਆਂ, ਸਦੂਕੀਆਂ, ਮਹਾਨ ਮਨੁੱਖਾਂ, ਪਵਿੱਤਰ ਆਦਮੀਆਂ, ਵਧਿਆ ਮਨੁੱਖਾਂ, ਭਲੇ ਆਦਮੀਆਂ ਹਲੀਮ ਆਦਮੀਆਂ ਅਤੇ ਓਹਨਾਂ ਆਦਮੀਆਂ ਨਾਲੋਂ ਜਿਨ੍ਹਾਂ ਦੇ ਕੋਲ ਯਿਸੂ ਦੇ ਵਾਂਗ ਆਤਮਾ ਦੇ ਫਲ ਸਨ, ਚੇਲਿਆਂ ਨੂੰ ਵੱਖਰਾ ਕੀਤਾ।

67 ਪਰ ਉਸਦਾ ਪ੍ਰਮਾਣ ਪੱਤਰ ਕੀ ਸੀ? ਓਹ ਇਹ ਸੀ ਕਿ ਵਚਨ ਉਸਦੇ ਸੰਗ ਸੀ। ਅਤੇ ਉਸ ਦਿਨ ਦਾ ਵਾਦਾ ਕੀਤਾ ਹੋਇਆ ਵਚਨ ਉਸ ਦੁਆਰਾ ਜੀ ਰਿਹਾ ਸੀ। ਉਸਨੇ ਆਖਿਆ, "ਤੁਹਾਡੇ ਵਿੱਚੋਂ ਕੋਣ ਮੇਰੇ ਉੱਤੇ ਪਾਪ ਦਾ ਦੋਸ਼ ਲਗਾ ਸਕਦਾ ਹੈ? ਤੁਹਾਡੇ ਵਿੱਚੋਂ ਕੋਣ ਹੈ, ਜੋ ਇਹ ਆਖੇ ਕਿ ਜੋ ਗੱਲਾਂ ਮੈਂ ਵਾਪਰਨ ਦਾ ਦਾਅਵਾ ਕੀਤਾ ਸੀ, ਓਹ ਨਾ ਹੋਈਆਂ ਹੋਣ?"। ਇਸ ਤੋਂ ਉਸਨੇ ਇਹ ਜਾਹਿਰ ਕੀਤਾ ਕਿ ਓਹ ਪ੍ਰਭੂ ਲਈ ਵੱਖਰਾ ਕੀਤਾ ਹੋਇਆ ਨਜੀਰ ਹੈ। ਓਹ ਦੇਹ ਵਿੱਚ ਖੁਦ ਪ੍ਰਮੇਸ਼ਵਰ ਸੀ।

68 ਅਬਰਾਹਾਮ ਵੀ ਸੰਸਾਰ ਤੋਂ ਵੱਖਰਾ ਕੀਤਾ ਹੋਇਆ ਵਿਅਕਤੀ ਸੀ, ਜਦੋਂ ਪ੍ਰਮੇਸ਼ਵਰ ਨੇ ਅਬ੍ਰਾਹਮ ਨੂੰ ਪਝੱਤਰ ਸਾਲਾਂ ਦੀ ਉਮਰ ਵਿੱਚ ਬੁਲਾਇਆ ਸੀ। "ਆਪਣੇ ਆਪ ਨੂੰ ਆਪਣੇ ਰਿਸ਼ਤੇਦਾਰਾਂ ਅਤੇ ਸਾਰੀ ਹੀ ਬੇਪ੍ਰਤੀਤੀ ਨਾਲੋਂ ਵੱਖਰਾ ਕਰ ਲੈ, ਅਤੇ ਉਸ ਦੁਨਿਆ ਵਿੱਚ ਆ ਜਾ ਜਿਸ ਵਿੱਚ ਤੂੰ ਪਹਿਲਾਂ ਕਦੀ ਨਹੀਂ ਤੁਰਿਆ, ਅਤੇ ਓਹਨਾਂ ਲੋਕਾਂ ਵਿੱਚ ਜਿਨ੍ਹਾ ਨੂੰ ਤੂ ਪਹਿਲਾਂ ਕਦੇ ਨਹੀ ਜਾਣਿਆ। ਅਤੇ ਆਪਣੇ ਆਪ ਨੂੰ ਹਰੇਕ ਉਸ ਚੀਜ਼ ਨਾਲੋਂ ਵੱਖਰਾ ਕਰ ਲੈ, ਜੋ ਤੇਰੇ ਵਿਸ਼ਵਾਸ਼ ਦੇ ਵਿਰੁਧ ਹੈ ਤਾਂ ਕਿ ਤੂੰ ਪ੍ਰਭੂ ਦੇ ਲਈ ਇੱਕ ਨਜੀਰ ਹੋਵੇਂ।" ਕਿਓਂਕਿ ਉਸਨੇ ਪੁੱਤਰ ਪ੍ਰਾਪਤ ਕਰਨ ਦੇ ਵਾਅਦੇ ਨੂੰ ਫੜਿਆ ਹੋਇਆ ਸੀ। ਉਸ ਨੂੰ ਆਪਣੇ ਪਿਤਾ ਤੋਂ, ਆਪਣੀ ਮਾਤਾ ਤੋਂ ਅਤੇ ਆਪਣੇ ਰਿਸ਼ਤੇਦਾਰਾਂ ਨਾਲੋਂ ਵੱਖਰਾ ਹੋਣਾ ਹੀ ਪੈਣਾ ਸੀ।

69 ਅਤੇ ਕਿਹੜੀ ਗੱਲ ਨੇ ਉਸ ਨੂੰ ਵੱਖਰਾ ਕੀਤਾ? ਓਹ ਇਸ ਲਈ ਵੱਖਰਾ ਨਹੀ ਹੋਇਆ ਕਿ ਓਹ ਇੱਕ ਭਲਾ ਮਨੁੱਖ ਸੀ, ਪਰ ਇਸ ਲਈ ਕਿਓਂਕਿ ਉਸ ਨੇ ਵਿਸ਼ਵਾਸ਼ ਕੀਤਾ ਕਿ ਪ੍ਰਮੇਸ਼ਵਰ ਨੇ ਜਿਸ ਗੱਲ ਦਾ ਵਾਦਾ ਉਸ ਨਾਲ ਕੀਤਾ ਹੈ, ਓਹ ਉਸ ਨੂੰ ਪੂਰਾ ਕਰਨ ਵਿਚ ਵੀ ਸਮਰਥੀ ਹੈ।

70 ਅਤੇ ਇਸ ਤੋਂ ਪੱਚੀ ਸਾਲਾਂ ਬਾਅਦ ਜਦੋਂ ਸਾਰਾਹ ਨੱਬੇ ਸਾਲਾਂ ਦੀ ਅਤੇ ਅਬਰਾਹਮ ਸੌ ਸਾਲਾਂ ਦਾ ਸੀ, ਤਾਂ ਉਸ ਸਮੇਂ ਵੀ ਓਹਨਾਂ ਦੇ ਕੋਈ ਬੱਚਾ ਪੈਦਾ ਨਹੀ ਹੋਇਆ। ਅਤੇ ਜਦੋਂ ਪ੍ਰਭੂ ਦਾ ਦੂਤ ਉਸਦੇ ਕੋਲ ਆਇਆ, ਜਿਹਦੇ ਬਾਰੇ ਯਿਸੂ ਨੇ ਉਲੇਖ ਕੀਤਾ ਸੀ ਕਿ ਅਜਿਹਾ ਹੀ ਅੰਤ ਦੇ ਦਿਨਾਂ ਵਿੱਚ ਦੁਬਾਰਾ ਹੋਵੇਗਾ। ਪ੍ਰਮੇਸ਼ਵਰ, ਮਨੁੱਖੀ ਦੇਹ ਵਿੱਚ ਅਬਰਾਹਾਮ ਦੇ ਸਾਹਮਣੇ ਬੈਠਿਆ ਅਤੇ ਉਸ ਨਾਲ ਗੱਲਾਂ ਕੀਤੀਆਂ। ਅਤੇ ਸਾਰਾਹ ਜੋ ਉਸ ਸਮੇਂ ਲੱਗਭੱਗ ਸੌ ਸਾਲਾਂ ਦੀ ਇੱਕ ਬੁੱਡੀ ਔਰਤ ਸੀ, ਅਤੇ ਓਹ ਦੂਤ ਦੇ ਪਿੱਛੇ ਇੱਕ ਤੰਬੂ ਵਿੱਚ ਬੈਠੀ ਹੋਈ ਹੱਸੀ, ਕਿਓਂਕਿ ਦੂਤ ਨੇ ਆਖਿਆ ਸੀ, "ਮੈਂ ਵਾਅਦਾ ਕੀਤੇ ਹੋਏ ਵਚਨ ਅਨੁਸਾਰ ਤੇਰੇ ਕੋਲ ਫਿਰ ਆਵਾਂਗਾ।"

71 ਅਤੇ ਸਾਰਾਹ ਨੇ ਆਖਿਆ, "ਜਦੋਂ ਮੈਂ ਬੁਡੀ ਹੋ ਗਈ ਹਾਂ ਤਾਂ ਮੈਨੂੰ ਸੁੱਖ ਮਿਲੇਗਾ ਨਾਲੇ ਮੇਰਾ ਸਵਾਮੀ ਵੀ ਬੁਢਾ ਹੈ?"

72 ਅਤੇ ਇਸ ਮਨੁੱਖ ਨੇ ਜੋ ਦੇਹ ਵਿੱਚ ਪ੍ਰਮੇਸ਼ਵਰ ਸੀ ਆਖਿਆ, “ਸਾਰਾਹ, ਤੰਬੂ ਵਿੱਚ ਕਿਓਂ ਹੱਸੀ?” ਤਦ ਸਾਰਾਹ ਡਰ ਦੇ ਮਾਰੇ ਇਹ ਕਹਿ ਕੇ ਮੁੱਕਰ ਗਈ ਕਿ ਮੈਂ ਨਹੀ ਹੱਸੀ। ਪਰ ਉਸਨੇ ਆਖਿਆ, “ਹਾਂ, ਤੂੰ ਹੱਸੀ ਹੈਂ।” ਕਿਓਂਕਿ ਉਸਨੇ ਇਸ ਗੱਲ ਦਾ ਵਿਸ਼ਵਾਸ਼ ਨਹੀ ਸੀ ਕੀਤਾ ਕਿ ਇਹ ਸੱਚੀ ਹੋ ਸਕਦਾ ਹੈ।

73 ਹੁਣ, ਧਿਆਨ ਦਿਓ, ਯਿਸੂ ਨੇ ਆਖਿਆ ਸੀ, ਅਜਿਹਾ ਫੇਰ ਦੁਬਾਰਾ ਹੋਵੇਗਾ। “ਜਿਵੇਂ ਸਦੂਮ ਦੇ ਦਿਨ ਵਿੱਚ, ਉਸੇ ਤਰਾਂ ਮਨੁੱਖ ਦੇ ਪੁੱਤਰ ਦੇ ਆਉਣ ਦੇ ਦਿਨਾਂ ਵਿੱਚ ਵੀ ਹੋਵੇਗਾ।” ਇੱਕ ਵਾਰ ਫਿਰ, ਪ੍ਰਮੇਸ਼ਵਰ ਦਾ ਆਤਮਾ ਮਰਣਹਾਰ, ਮਨੁੱਖੀ ਦੇਹ ਉੱਤੇ ਆਵੇਗਾ। ਉਸ ਮਨੁੱਖ ਨੇ ਵੱਛੇ ਦਾ ਮਾਸ ਖਾਧਾ ਸੀ, ਗਾਂ ਦਾ ਦੁੱਧ ਪੀਤਾ ਸੀ, ਮਖਣ ਅਤੇ ਰੋਟੀ ਖਾਧੀ ਸੀ, ਮਨੁੱਖੀ ਦੇਹ ਵਿੱਚ; ਅਤੇ ਅਬਰਾਹਮ ਨੇ ਉਸ ਨੂੰ ਇਲੋਹਿਮ (ELOHIM) ਕਹਿ ਕਰ ਪੁਕਾਰਿਆ ਸੀ, ਪ੍ਰਮੇਸ਼ਵਰ ਮਨੁੱਖੀ ਦੇਹ ਵਿੱਚ ਪ੍ਰਗਟ ਹੋਇਆ ਸੀ। ਯਿਸੂ ਨੇ ਵਾਦਾ ਕੀਤਾ ਸੀ ਕਿ ਉਸਦੀ ਦੂਸਰੀ ਆਮਦ ਤੋਂ ਪਹਿਲਾਂ ਪ੍ਰਮੇਸ਼ਵਰ ਫਿਰ ਦੁਬਾਰਾ ਮਨੁੱਖੀ ਦੇਹ ਵਿੱਚ ਪ੍ਰਗਟ ਹੋਵੇਗਾ। ਇਹ ਪਵਿੱਤਰ ਆਤਮਾ ਹੀ ਹੈ (ਸਿਰਫ ਇੱਕੋ ਹੀ ਪ੍ਰਮੇਸ਼ਵਰ ਹੈ) ਜੋ ਆਪਣੇ ਆਪ ਨੂੰ ਪ੍ਰਗਟ ਕਰ ਰਿਹਾ ਹੈ, ਅਤੇ ਅਬਰਾਹਮ ਨੂੰ ਲੂਤ ਨਾਲੋਂ, ਇੱਕ ਵਾਰ ਫਿਰ, ਵੱਖਰਾ ਕਰ ਰਿਹਾ ਹੈ।

74 ਲੂਤ ਦੁਨੀਆਂ ਨੂੰ ਚਾਹੁੰਦਾ ਸੀ। ਪ੍ਰਮੇਸ਼ਵਰ ਨੇ ਉਸਦੀ ਦੁਨੀਆਂ ਨੂੰ ਦੋ—ਫਾੜ ਕੀਤਾ ਅਤੇ ਅਬਰਾਹਾਮ ਅਤੇ ਲੂਤ ਨੂੰ ਵੱਖਰੇ ਕੀਤਾ। ਲੂਤ ਸ਼ਰੀਰਿਕ ਵਿਸ਼ਵਾਸ਼ੀ ਦਾ ਨਮੂਨਾ ਸੀ, ਜਿਸਨੇ ਓਹਨਾਂ ਗੱਲਾਂ ਨੂੰ ਸਚ ਨਹੀ ਮੰਨਿਆ ਅਤੇ ਸਦੂਮ ਵਿੱਚ ਚਲਾ ਗਿਆ। ਅਤੇ ਉਸ ਕੋਲ ਖੜੇ ਹੋਣ ਲਈ ਅਸਲੀ ਹੋਂਸਲਾ ਹੀ ਨਹੀ ਸੀ ਕਿ ਓਹ ਓਥੋਂ ਬਾਹਰ ਨਿਕਲਦਾ ਅਤੇ ਸਹੀ ਨੂੰ “ਸਹੀ” ਅਤੇ ਗਲਤ ਨੂੰ “ਗਲਤ” ਆਖਦਾ, ਇਸ ਲਈ ਓਹ ਓਥੋਂ ਚਲਾ ਗਿਆ।

75 ਜਿਵੇਂ ਤੁਹਾਡੀ ਜੇਬ ਵਿੱਚ ਭਾਨ ਦਾ ਢੇਰ ਹੁੰਦਾ ਹੈ, ਉਸੇ ਤਰਾਂ ਇਹ ਸਾਰੇ ਵਿਸ਼ਵਾਸ਼ੀ ਪ੍ਰਮੇਸ਼ਵਰ ਦੇ ਹੱਥਾਂ ਵਿੱਚ ਹਨ। ਜਦੋਂ ਤੁਸੀਂ ਇਸ ਭਾਨ ਦੇ ਢੇਰ ਨੂੰ ਆਪਣੀ ਜੇਬ ਵਿੱਚੋਂ ਕੱਢਦੇ ਹੋ, ਤਾਂ ਓਹਨਾਂ ਵਿੱਚ ਇੱਕ ਪੈਸਾ, ਪੰਜ ਪੈਸੇ, ਪੰਜਾਹ ਪੈਸੇ ਅਤੇ ਇੱਕ ਰੁਪਿਆ ਆਦਿ ਦੇ ਸਿੱਕੇ ਹੁੰਦੇ ਹਨ। ਹੁਣ ਇਸੇ ਹੀ ਤਰ੍ਹਾਂ ਇਹ ਸੰਸਾਰ ਪ੍ਰਮੇਸ਼ਵਰ ਦੇ ਹੱਥ ਵਿੱਚ ਹੈ। ਓਹਨਾਂ ਵਿਚੋ ਕੁਝ ਲੋਕ ਤਾਂ ਅਜਿਹੇ ਹੁੰਦੇ ਹਨ ਜਿਨ੍ਹਾਂ ਦੀ ਕੀਮਤ ਇੱਕ ਪੈਸਾ ਹੀ ਹੁੰਦੀ ਹੈ ਅਤੇ ਪ੍ਰਮੇਸ਼ਵਰ ਓਹਨਾਂ ਦੀ ਵਰਤੋ ਇੱਕ ਪੈਸੇ ਦੇ ਤੌਰ ਤੇ ਹੀ ਕਰ ਸਕਦਾ ਹੈ। ਓਹ ਇੰਨੀ ਹੀ ਖਰੀਦਦਾਰੀ ਕਰ ਸਕਦੇ ਹਨ। ਤੁਸੀਂ ਓਹਨਾਂ ਨੂੰ ਨਾ ਰੱਦੋ। ਜੇਕਰ ਓਹ ਅਸਲੀ ਸਚਿਆਈ ਦਾ ਵਿਸ਼ਵਾਸ਼ ਨਹੀ ਕਰ ਸਕਦੇ, ਤਾਂ ਤੁਸੀਂ ਓਹਨਾਂ ਦੀ ਨਿੰਦਾ ਨਾ ਕਰੋ, ਨਾ ਹੀ ਓਹਨਾਂ ਨੂੰ ਬਾਹਰ ਕੱਢੋ ਅਤੇ ਨਾ ਹੀ ਓਹਨਾ ਨੂੰ ਆਖੋ ਕਿ ਤੁਸੀਂ ਇਸ ਵਿਸ਼ਵਾਸ਼ ਵਿੱਚ ਨਹੀ ਹੋ ਕਿਓਂਕਿ ਪ੍ਰਮੇਸ਼ਵਰ ਕਦੇ ਕਦੇ ਇਹਨਾਂ ਇੱਕ ਇੱਕ ਪੈਸਿਆਂ ਦੇ ਸਿਕਿਆਂ ਨੂੰ ਵੀ ਵਰਤੋਂ ਵਿੱਚ ਲਿਆਉਂਦਾ ਹੈ।

76 ਲੂਤ ਤਾਂ ਸਿਰਫ ਇੱਕ ਪੈਸੇ ਸੀ, ਪਰ ਅਬਰਾਹਾਮ ਤਾਂ ਚਾਂਦੀ ਦਾ ਇੱਕ ਰੁਪਿਆ ਸੀ, ਇਸ ਲਈ ਇੱਕ ਅਬਰਾਹਾਮ ਬਣਾਉਣ ਲਈ ਸੌ ਲੂਤ ਚਾਹੀਦੇ ਹਨ। ਅਤੇ ਇਸੇ ਹੀ ਤਰ੍ਹਾਂ… ਇੱਕ ਸੌ ਸ਼ਰੀਰਿਕ ਵਿਸ਼ਵਾਸ਼ੀ ਕਦੇ ਵੀ ਉਸ ਅਸਲੀ ਮਸੀਹੀ ਦੀ ਹਜੂਰੀ ਵਿੱਚ ਖੜ੍ਹੇ ਨਹੀ ਹੋ ਸਕਦੇ, ਜੋ ਕਿ ਦੁਨੀਆਂ ਦੀਆਂ ਇੰਨ੍ਹਾਂ ਸ਼ਰੀਰਿਕ ਚੀਜ਼ਾਂ ਨਾਲੋਂ ਵੱਖਰਾ ਹੋ ਗਿਆ ਹੈ, ਅਤੇ ਓਹ ਯਿਸੂ ਮਸੀਹ ਵਿੱਚ ਜੀਵਨ ਗੁਜਾਰਦਾ ਹੈ, ਜਿਥੋਂ ਕਿ ਵਚਨ ਉਸ ਵਿਚੋਂ ਉੱਛਲ ਸਕਦਾ ਹੈ।

77 ਜਿਨ੍ਹੇ ਵੀ ਸਿੱਕੇ ਪ੍ਰਮੇਸ਼ਵਰ ਕੋਲ ਹੁੰਦੇ ਹਨ, ਓਹ ਓਹਨਾਂ ਵਿੱਚੋਂ ਇੱਕ ਪੈਸੇ ਨੂੰ ਵੀ ਲੈ ਕੇ ਵਰਤੋਂ ਵਿੱਚ ਲਿਆ ਸਕਦਾ ਹੈ। ਇਸੇ ਲਈ ਤੁਸੀਂ ਲੋਕਾਂ ਨੂੰ ਇਹ ਆਖਦੇ ਹੋਏ ਸੁਣਦੇ ਹੋ, “ਮੈਂ

ਚੰਗਿਆਈ ਵਿੱਚ ਵਿਸ਼ਵਾਸ਼ ਨਹੀ ਰਖਦਾ, ਮੈਂ ਇਹਨਾਂ ਗੱਲਾਂ ਦਾ ਵਿਸ਼ਵਾਸ਼ ਨਹੀ ਕਰਦਾ," ਬਸ ਇਹੋ ਹੀ ਜਾਣੋ ਕਿ ਇਹ ਇੱਕ ਸਿੱਕਾ ਹੈ, ਪਰ ਬਸ ਉਸ ਨੂੰ ਇਕੱਲਾ ਛਡ ਦਿਉ। ਲੱਗੀ ਸਮਝ? ਉਸਦੀ ਕੀਮਤ ਬਸ ਇੱਕ ਪੈਸਾ ਹੀ ਹੈ ਅਤੇ ਇਸ ਲਈ ਉਹ ਇਸ ਨਾਲ ਇੰਨੀ ਹੀ ਖਰੀਦਦਾਰੀ ਕਰ ਸਕਦਾ ਹੈ। ਉਸ ਨੂੰ ਨਾ ਰੋਕੋ, ਬਸ ਉਸਨੂੰ ਇਕੱਲਾ ਛਡ ਦਿਉ। ਯਾਦ ਰੱਖੋ ਉਹ ਬਸ ਇੰਨਾਂ ਹੀ ਅਗਾਂਹ ਵਧ ਸਕਦਾ ਹੈ।

ਯੂਸੁਫ਼, ਆਪਣੇ ਭਰਾਵਾਂ ਨਾਲੋਂ ਵੱਖਰਾ ਕੀਤਾ ਹੋਇਆ ਸੀ।

78 ਹਾਂ, ਮੈਂ ਇਹਨਾਂ ਗੱਲਾਂ ਨੂੰ ਇੰਨੀ ਸਖਤਾਈ ਨਾਲ ਨਹੀ ਸੀ ਆਖਣਾ ਚਾਹੁੰਦਾ ਜਿੰਨ੍ਹੀ ਸਖਤਾਈ ਨਾਲ ਮੈਂ ਆਖੀਆਂ ਹਨ, ਸਮਝੇ। ਮੇਰਾ ਮਤਲਬ ਤਾਂ ਇਹ ਸੀ ਕਿ ਜੇਕਰ ਉਹ ਸਿਰਫ ਇਹ ਆਖੇ, "ਚੰਗਾ ਭਈ, ਮੈਂ ਫਲਾਣੇ ਫਲਾਣੇ ਨਾਲ ਸੰਬੰਧ ਰਖਦਾ ਹਾਂ ਅਤੇ ਅਸੀਂ ਇਸ ਗੱਲ ਦਾ ਹੀ ਵਿਸ਼ਵਾਸ਼ ਰਖਦੇ ਹਾਂ।" ਇਹ ਤਾਂ ਸਿਰਫ ਇੱਕ ਪੈਸਾ ਹੀ ਹੈ, ਉਸਨੂੰ ਜਾਣ ਦਿਉ, ਵੇਖੋ, ਉਹ ਤਾਂ ਇੱਕ ਪੈਸਾ ਹੀ ਹੈ।

ਉਸਨੂੰ ਆਖੋ, "ਚੰਗਾ ਮੇਰੇ ਭਾਈ, ਪ੍ਰਭੂ ਤੈਨੂੰ ਬਰਕਤ ਦੇਵੇ।"

79 ਤੁਸੀਂ ਵੇਖੋ, ਉਹ ਤਾਂ ਤਾਂਬਾ ਹੈ ਅਤੇ ਉਹ ਕਦੇ ਵੀ ਚਾਂਦੀ ਨਹੀ ਬਣ ਸਕਦਾ। ਇਸ ਲਈ ਤੁਸੀਂ ਉਸਨੂੰ ਜਾਣ ਦਿਉ। ਪ੍ਰਮੇਸ਼ਵਰ ਉਸਦੀ ਵਰਤੋਂ ਕਰ ਸਕਦਾ ਹੈ। ਔਹ, ਉਹ ਉਸਨੂੰ ਵਰਤ ਰਿਹਾ ਹੈ। ਮੈਂ ਉਹਨਾਂ ਨੂੰ ਸ਼ਰਾਬ ਘਰ ਦੀ ਇੱਕ ਨੁੱਕਰ ਵਿੱਚ ਖੜੇ ਹੋਣ ਦੀ ਬਜਾਏ ਉਹਨਾਂ ਨੂੰ ਗਿਰਜੇ ਵਿੱਚ ਖੜਾ ਵੇਖਣਾ ਚਾਹਾਂਗਾ। ਕੀ ਤੁਸੀਂ ਨਹੀ ਚਾਹੋਗੇ? ਯਕੀਨਨ ਹੀ। ਇਸ ਲਈ ਬਸ ਉਹਨਾਂ ਨੂੰ ਇਕੱਲਾ ਛਡ ਦਿਉ। ਪ੍ਰਮੇਸ਼ਵਰ ਕਿਸੇ ਵੀ ਤਰਾਂ ਉਹਨਾਂ ਦੀ ਵਰਤੋਂ ਕਰ ਸਕਦਾ ਹੈ, ਹੋ ਸਕਦਾ ਹੈ ਕਿ ਬਹੁਤ ਜਿਆਦਾ ਵਰਤੋਂ ਨਾ ਕਰੇ, ਪਰ ਪ੍ਰਮੇਸ਼ਵਰ ਜਿਸਦੀ ਵਰਤੋਂ ਕਰ ਸਕਦਾ ਹੈ, ਉਸਦੀ ਵਰਤੋਂ ਜਰੁਰ ਕਰੇਗਾ, ਜਿੰਨ੍ਹੀ ਵੀ ਉਹ ਪ੍ਰਮੇਸ਼ਵਰ ਨੂੰ ਆਪਣੀ ਵਰਤੋਂ ਕਰਨ ਦੇਣਗੇ।

80 ਇਸ ਲਈ ਅਜਿਹਾ ਕਰਨਾ, ਇੱਕ ਕਿਸਮ ਦੀ ਬਦਤਮੀਜੀ ਹੈ, ਪਰ ਮੈਂ—ਚੰਗਾ, ਮੈਂ ਆਸ ਕਰਦਾ ਹਾਂ ਕਿ ਜੋ ਉਸ ਵਿੱਚ ਸਚਿਆਈ ਹੈ, ਤੁਸੀਂ ਉਸਨੂੰ ਸਮਝ ਗਏ ਹੋਵੋਂਗੇ ਕਿ ਇਸਦਾ ਕੀ ਮਤਲਬ ਹੈ। ਸਮਝੇ?

81 ਉਹ ਗੁਪਤ ਵਿਚਾਰਾਂ ਨੂੰ ਪ੍ਰਗਟ ਕਰਨ ਅਤੇ ਇਸ ਸਮੇ ਲਈ ਵਾਅਦਾ ਕੀਤੀ ਪ੍ਰਮੇਸ਼ਵਰ ਦੀ ਸ਼ਕਤੀ ਉੱਤੇ ਵਿਸ਼ਵਾਸ਼ ਨਹੀ ਕਰ ਸਕਦਾ।

82 ਉਹ ਫ਼ਰੀਸੀ ਵੀ ਅਜਿਹਾ ਨਹੀ ਕਰ ਸਕੇ ਸਨ। ਉਹ ਯਿਸੂ ਨੂੰ ਨਹੀ ਸਮਝ ਸਕੇ ਕਿ ਉਹ ਹੀ ਖੁਦ ਪ੍ਰਮੇਸ਼ਵਰ ਸੀ। ਔਹ, ਨਹੀ, "ਤੂੰ ਮਨੁੱਖ ਹੋ ਕੇ ਆਪਣੇ ਆਪ ਨੂੰ ਪ੍ਰਮੇਸ਼ਵਰ ਬਣਾਉਂਦਾ ਹੈਂ?"

83 ਇੱਕ ਦਿਨ ਰੋਟੀਆਂ ਅਤੇ ਮਛੀਆਂ ਆਦਿ ਵਧਾਉਣ ਤੋਂ ਬਾਅਦ ਯਿਸੂ ਉਥੇ ਖਲੋਤਾ ਸੀ, ਤਾਂ ਉਸਨੇ ਆਖਿਆ, "ਜਦ ਤਕ ਤੁਸੀਂ ਮਨੁੱਖ ਦੇ ਪੁੱਤਰ ਦੇ ਮਾਸ ਦੀ ਰੋਟੀ ਨਾ ਖਾਓ ਅਤੇ ਉਸ ਦਾ ਲਹੂ ਨਾ ਪੀਉ, ਤਾਂ ਤੁਹਾਡੇ ਅੰਦਰ ਜੀਵਨ ਨਹੀ ਹੈ।"

84 ਡਾਕਟਰਾਂ, ਵੈਦਾਂ ਆਦਿ ਨੇ ਆਖਿਆ, "ਇਹ ਮਨੁੱਖ ਸ਼ੁਦਾਈ ਹੈ। ਇਹ ਬਸ ਇਹੋ ਹੀ ਹੈ। ਪਾਦਰੀ ਲੋਕ ਹੀ ਸੱਚੇ ਹਨ। ਇਹ ਮਨੁੱਖ ਤਾਂ ਪਾਗਲ ਹੈ। ਆਪਣੀ ਦੇਹ ਸਾਨੂੰ ਖਾਣ ਲਈ ਦੇਂਦਾ ਹੈ?"

85 ਇੰਨ੍ਹਾ ਹੀ ਉਸਨੇ ਆਖਿਆ ਸੀ, ਵੇਖੋ, ਪਰ ਹੋ ਸਕਦਾ ਹੈ ਕਿ ਆਤਮਿਕ ਸਮਝ ਵਾਲੇ ਵੀ ਉਸਨੂੰ ਨਾ ਸਮਝ ਸਕੇ ਹੋਣ। ਉਹ ਚੇਲੇ ਵੀ ਉਸ ਸਮੇਂ ਇਹ ਨਾ ਜਾਣ ਸਕੇ ਸਨ ਕਿ ਇਸਦਾ ਅਸਲੀ ਅਤੇ ਠੀਕ ਠੀਕ ਮਤਲਬ ਕੀ ਹੈ, ਪਰ ਉਹਨਾਂ ਨੇ ਕਿਸੇ ਵੀ ਤਰਾਂ ਉਸਦਾ ਵਿਸ਼ਵਾਸ਼ ਕੀਤਾ। ਕਿਓਂਕਿ, ਇਹ ਸਮਝ ਉਹਨਾਂ ਕੋਲ ਕਿਥੋਂ ਆਈ ਸੀ? ਇਹ ਸਮਝ ਉਹਨਾਂ ਕੋਲ ਉਸ ਕੋਲੋਂ ਆਈ ਸੀ ਜਿਸਨੂੰ ਉਹਨਾਂ ਪ੍ਰਮੇਸ਼ਵਰ ਦਾ ਪੁੱਤਰ ਕਰਕੇ ਜਾਣਿਆ ਸੀ।

86 ਹੋ ਸਕਦਾ ਹੈ ਕਿ ਮੈਂ ਇਥੇ ਸਾਰੀਆਂ ਗੱਲਾਂ ਨੂੰ ਸਮਝਣ ਦੇ ਯੋਗ ਨਾ ਹੋਵਾਂ ਪਰ ਮੈਂ ਇਸ ਦਾ ਵਿਸ਼ਵਾਸ਼ ਕਰਦਾ ਹਾਂ। ਇਹ ਪ੍ਰਮੇਸ਼ਵਰ ਦਾ ਵਚਨ ਹੈ। ਮੈਂ ਆਪਣੇ ਆਪ ਨੂੰ ਹਰੇਕ ਉਸ ਚੀਜ਼ ਨਾਲੋਂ ਵੱਖਰਾ ਕਰਨਾ ਚਾਹੁੰਦਾ ਹਾਂ ਜੋ ਇਸਦੇ ਵਿਰੁਧ ਹੈ। ਮੈਂ ਸਦਾ ਇਸੇ ਤਰਾਂ ਖੜ੍ਹੇ ਰਹਿਣ ਦੀ ਕੋਸ਼ਿਸ਼ ਕੀਤੀ ਹੈ।

87 ਤੁਸੀਂ ਉਹਨਾਂ ਸੱਤਰਾਂ ਦੇ ਝੁੰਡ ਉੱਤੇ ਧਿਆਨ ਦਿਉ, ਜਿਨ੍ਹਾ ਨੂੰ ਉਸਨੇ ਸੱਦਿਆ ਸੀ। ਇੱਕ ਦਿਨ ਉਹ ਖੜਾ ਉਹਨਾਂ ਦੇ ਨਾਲ ਗੱਲਾਂ ਕਰ ਰਿਹਾ ਸੀ, ਅਤੇ ਉਸਨੇ ਆਖਿਆ, “ਮਨੁੱਖ ਦਾ ਪੁੱਤਰ ਸਵਰਗ ਉੱਤੇ ਚੁੱਕ ਲਿਆ ਜਾਵੇਗਾ ਜਿਥੋਂ ਉਹ ਆਇਆ ਸੀ।”

88 ਉਹਨਾਂ ਨੇ ਕਿਹਾ, “ਇਹ ਮਨੁੱਖ? ਇਹ ਸਾਨੂੰ ਉੱਥੇ ਲੈ ਜਾਂਦਾ ਹੈ, ਜਿੱਥੇ ਉਹ ਜੰਮਿਆ ਸੀ। ਅਸੀਂ ਉਸ ਦੀ ਮਾਂ ਮਰਿਯਮ ਨੂੰ ਜਾਣਦੇ ਹਾਂ। ਕਿਓਂ, ਅਸੀਂ ਉਸਦੇ ਭਰਾਵਾਂ ਨੂੰ ਵੀ ਜਾਣਦੇ ਹਾਂ। ਅਸੀਂ ਸਾਰਿਆਂ ਨੂੰ ਜਾਣਦੇ ਹਾਂ। ਅਤੇ ਤਦ ਇਹ ਮਨੁੱਖ ਸਾਨੂੰ ਉੱਥੇ ਲੈ ਜਾ ਰਿਹਾ ਹੈ… ਮਨੁੱਖ ਦਾ ਪੁੱਤਰ ਸਵਰਗ ਤੋ ਆਇਆ ਹੈ, ਅਤੇ ਵਾਪਿਸ ਸਵਰਗ ਨੂੰ ਹੀ ਜਾ ਰਿਹਾ ਹੈ, ਜਿਥੋਂ ਉਹ ਆਇਆ ਸੀ? ਉਹ ਤਾਂ ਬੈਤਲਹਮ ਤੋਂ ਆਇਆ ਹੈ। ਅਤੇ ਉਹ ਇਸ ਤਰਾਂ ਕਿਵੇਂ ਕਰੇਗਾ?” ਵੇਖੋ, ਉਸਨੇ ਇਸੇ ਹੀ ਢੰਗਨਾਲ ਆਖਿਆ ਸੀ, ਵੇਖੋ ਉਹ ਉਸ ਨਾਲ ਅੱਗੇ ਤੋਂ ਨਾ ਚੱਲੇ। ਉਹ ਵਾਪਿਸ ਮੁੜ ਗਏ। ਉਹਨਾਂ ਕਿਹਾ, “ਔਹ, ਇਹ ਆਦਮੀ, ਅਸੀਂ ਜਾਣਦੇ ਹਾਂ ਕਿ ਇਸ ਨਾਲ ਕੋਈ ਨਾ ਕੋਈ ਗੜਬੜ ਹੈ।”

89 ਪਰ ਚੇਲੇ ਠੀਕ ਉੱਥੇ ਖੜੇ ਰਹੇ। ਸਮਝੇ? ਉਹਨਾਂ ਨੇ ਵਿਸ਼ਵਾਸ਼ ਕੀਤਾ। ਉਨ੍ਹਾਂ ਨੇ ਉਸ ਦਿਨ ਦਾ ਵਾਅਦਾ ਕੀਤਾ ਹੋਇਆ ਵਚਨ ਉਸ ਰਾਹੀਂ ਪ੍ਰਗਟ ਅਤੇ ਪ੍ਰਮਾਣਿਤ ਹੁੰਦਾ ਵੇਖਿਆ ਸੀ। ਕੋਣ ਰਚਨਾ ਕਰ ਸਕਦਾ ਹੈ, ਸਿਰਫ ਪ੍ਰਮੇਸ਼ਵਰ ਹੀ ਰੋਟੀਆਂ ਲੈ ਕੇ ਅਤੇ…ਉਹ ਜਾਣਦੇ ਸਨ ਕਿ ਉਹ ਪ੍ਰਮੇਸ਼ਵਰ ਦਾ ਪੁੱਤਰ ਹੈ। ਚਾਹੇ ਇਹ ਗੱਲ ਉਹਨਾਂ ਲਈ ਬੁਝਾਰਤ ਹੀ ਕਿਉਂ ਨਾ ਹੋਵੇ, ਜਾਂ ਇਹ ਗੱਲ ਉਹਨਾਂ ਦੀ ਸਮਝ ਵਿੱਚ ਆਈ ਹੋਵੇ ਜਾਂ ਨਾ ਆਈ ਹੋਵੇ, ਪਰ ਉਹ ਉਸਦੇ ਨਾਲ ਚੱਲਦੇ ਰਹੇ ਕੁਝ ਵੀ ਹੋਵੇ, ਕਿਓਂਕਿ ਵਚਨ ਪ੍ਰਗਟ ਹੋਇਆ ਸੀ, ਅਤੇ ਉਹ ਹਰੇਕ ਉਸ ਗੱਲ ਤੋਂ ਵੱਖਰੇ ਹੋ ਗਏ ਸਨ ਜਿਹੜੀ ਇਸਦੇ ਵਿਰੁੱਧ ਸੀ।

90 ਪ੍ਰਮੇਸ਼ਵਰ ਸਾਡੀ ਸਹਾਇਤਾ ਕਰ ਕਿ ਸਾਡੇ ਕੋਲ ਵੀ ਅਜਿਹਾ ਹੀ ਵਿਸ਼ਵਾਸ਼ ਹੋਵੇ! ਅਸੀਂ ਵਿਸ਼ਵਾਸ਼ ਕਰਦੇ ਹਾਂ ਕਿ ਬਾਈਬਲ ਸੱਚੀ ਹੈ। ਹੋ ਸਕਦਾ ਹੈ ਕਿ ਮੇਰੇ ਕੋਲ ਇਨ੍ਹਾਂ ਵਿਸ਼ਵਾਸ਼ ਨਾ ਹੋਵੇ ਕਿ ਮੈਂ ਇਸਦੇ ਸਾਰੇ ਵਾਅਦਿਆਂ ਨੂੰ ਪੂਰਾ ਕਰ ਸਕਾਂ, ਪਰ ਮੈਂ ਹਰ ਹਾਲ ਵਿਚ ਇਸਦਾ ਵਿਸ਼ਵਾਸ਼ ਕਰਦਾ ਹਾਂ। ਮੈਂ ਇਸ ਸਮੇਂ ਦਾ ਜਿਸ ਵਿੱਚ ਅਸੀਂ ਰਹਿ ਰਹੇ ਹਾਂ, ਵਿਸ਼ਵਾਸ਼ ਕਰਦਾ ਹਾਂ।

91 ਯੂਸੁਫ਼, ਬਿਨਾਂ ਕਿਸੇ ਕਾਰਣ, ਆਪਣੇ ਭਰਾਵਾਂ ਨਾਲੋਂ ਵੱਖਰਾ ਸੀ। ਹੁਣ, ਉਹਨਾਂ ਨਾਲ ਕੀ ਮਾਮਲਾ ਸੀ? ਉਹ ਵਖਰਾ ਨਹੀ ਸੀ ਹੋਣਾ ਚਾਹੁੰਦਾ; ਇਹ ਉਸਦੀ ਆਪਣੀ ਮਰਜੀ ਨਹੀ ਸੀ ਕਿ ਉਹ ਵੱਖਰਾ ਹੋਵੇ। ਪਰ ਉਸਦੇ ਭਰਾਵਾਂ ਨੇ ਆਪਣੇ ਆਪ ਨੂੰ ਯੂਸੁਫ਼ ਨਾਲੋਂ ਵੱਖਰਾ ਕਰ

ਲਿਆ ਸੀ। ਵੇਖੋ, ਉਸ ਉਜਵਲ ਅਤੇ ਚਮਕਦੇ ਇੱਕ ਰੁਪਏ ਸਾਹਮਣੇ; ਉਹ ਇੱਕ ਪੈਸੇ ਦੇ ਸਿੱਕੇ ਟਿਕ ਨਾ ਸਕੇ। ਉਹ ਜਾਣਦੇ ਸਨ ਕਿ ਉਹ ਕਬੀਲਿਆਂ ਦੇ ਮੁਖੀਏ ਹਨ। ਉਹ ਜਾਣਦੇ ਸਨ ਕਿ ਇਸਹਾਕ ਉਹਨਾਂ ਦਾ...ਮੈਨੂੰ ਮਾਫ਼ ਕਰਨਾ, ਯਾਕੂਬ ਉਹਨਾਂ ਦਾ ਪਿਤਾ ਹੈ। ਅਤੇ ਉਹ ਜਾਣਦੇ ਸਨ ਕਿ ਇਹ ਸਚ ਹੈ। ਪਰ ਯੂਸੁਫ਼ ਜੰਮਿਆ...ਉਹ ਇਸਦੀ ਸਹਾਇਤਾ ਨਾ ਕਰ ਸਕਿਆ। ਉਹ ਆਤਮਿਕ ਸੀ। ਉਹ ਦਰਸ਼ਨ ਵੇਖਦਾ ਸੀ, ਅਤੇ ਸੁਫਨਿਆਂ ਦੇ ਅਰਥ ਦੱਸ ਸਕਦਾ ਸੀ, ਅਤੇ ਉਸ ਦੇ ਦੱਸੇ ਗਏ ਅਰਥ ਪੂਰੀ ਤਰ੍ਹਾਂ ਠੀਕ ਹੁੰਦੇ ਸਨ। ਜੋ ਕੁਝ ਵੀ ਉਸ ਨੇ ਆਖਿਆ, ਉਹ ਸਚ ਸੀ। ਅਤੇ ਉਸਦੇ ਕਬੀਲਿਆਂ ਦੇ ਮੁਖੀਏ ਭਰਾ, ਈਰਖਾ ਨਾਲ ਭਰ ਗਏ, ਅਤੇ ਉਸਨੂੰ ਮਿਸਰੀਆਂ ਕੋਲ ਵੇਚ ਦਿੱਤਾ। ਵੇਖੋ, ਉਹਨਾਂ ਨੇ—ਉਹਨਾਂ ਨੇ ਆਪਣੇ ਆਪ ਨੂੰ ਯੂਸਫ ਨਾਲੋਂ ਵਖਰਾ ਕਰ ਲਿਆ, ਕਿਉਂਕਿ ਉਹ ਇੱਕ ਪੈਸੇ ਦੇ ਸਿੱਕੇ ਸਨ। ਪਰ ਯੂਸਫ ਉਹਨਾਂ ਨਾਲੋਂ ਵੱਖਰੀ ਕਿਸਮ ਦਾ ਸੀ।

92 ਇਸੇ ਤਰ੍ਹਾਂ ਹੀ ਅੱਜ ਇੱਕ ਸੱਚਾ ਵਿਸ਼ਵਾਸ਼ੀ ਹੈ, ਉਹ ਵੀ ਵੱਖਰੀ ਕਿਸਮ ਦਾ ਹੁੰਦਾ ਹੈ। ਉਹ ਆਪਣੇ ਆਪ ਨੂੰ ਉਸ ਨਾਲੋਂ ਵੱਖਰਾ ਕਰ ਲੈਂਦੇ ਹਨ। (ਉਹ ਇਸਨੂੰ ਨਹੀ ਸਮਝਦੇ) ਤਾਂਬਾ ਆਪਣੇ ਆਪ ਨੂੰ ਚਾਂਦੀ ਨਾਲੋਂ ਵੱਖ ਕਰ ਲੈਂਦਾ ਹੈ।

93 ਹੁਣ ਅਸੀਂ ਵੇਖਦੇ ਹਾਂ ਕਿ ਉਹ ਉਸਦੇ ਪ੍ਰਤੀ ਈਰਖਾ ਨਾਲ ਭਰ ਗਏ ਅਤੇ ਉਸਨੂੰ ਵੇਚ ਦਿੱਤਾ। ਕਿਉਂ? ਉਹ ਅੱਜ ਵੀ ਇਹੋ ਹੀ ਕਰਦੇ ਹਨ। ਅਸਲ ਵਿੱਚ ਇਹ ਕੀ ਸੀ, ਉਹਨਾਂ ਨੇ ਆਖਿਆ ਕਿ ਉਹ...ਇਹ ਈਰਖਾ ਦੇ ਕਾਰਨ ਸੀ। ਉਹ ਇਸ ਈਰਖਾ ਨੂੰ ਖਤਮ ਨਹੀ ਸਨ ਕਰਨਾ ਚਾਹੁੰਦੇ, ਕਿਉਂਕਿ ਜਿਹੜਾ ਸੁਭਾਅ ਉਹਨਾਂ ਵਿੱਚ ਸੀ, ਉਹ ਯੂਸਫ ਵਿੱਚ ਨਹੀ ਸੀ। ਅਤੇ ਇਸੇ ਕਰਕੇ ਉਹ ਉਸ ਨਾਲ ਈਰਖਾ ਕਰਦੇ ਸਨ, ਕਿਉਂਕਿ ਉਹ ਤਾਂ ਇੱਕ ਇੱਕ ਪੈਸੇ ਦੇ ਸਿੱਕੇ ਸਨ ਪਰ ਯੂਸਫ ਇੱਕ ਰੁਪਏ ਦਾ ਸਿੱਕਾ ਸੀ। ਸਮਝੇ?

94 ਹੁਣ, ਜੇ ਇੱਕ ਪੈਸੇ ਦਾ ਸਿੱਕਾ ਕਹੇ, "ਪ੍ਰਭੂ ਦੇ ਨਾਂ ਦੀ ਵਡਿਆਈ ਹੋਵੇ! ਮੇਰੇ ਇੱਕ ਰੁਪਏ ਦੇ ਸਿੱਕੇ ਭਾਈ ਜੀ, ਵੇਖੋ, ਜੋ ਉਹ ਕਰਦਾ ਹੈ, ਮੈਂ ਉਸਦੀ ਭਾਨ ਨਹੀ ਬਣਾ ਸਕਦਾ ਹਾਂ, ਪਰ ਮੈਂ ਉਹੋ ਕਰਾਂਗਾ, ਜੋ ਮੈਂ ਕਰ ਸਕਦਾ ਹਾਂ।" ਤਦ ਅਸੀਂ ਉਹਨਾਂ ਨੂੰ ਨਾਲ ਹੀ ਜਾਣ ਦੇਈਏ। ਪ੍ਰਮੇਸ਼ਵਰ ਹੀ ਇਸਦੇ ਲਈ ਆਪਣੀ ਯੋਜਨਾ ਤਹਿ ਕਰੇਗਾ।

95 ਜਿਵੇਂ ਮੈਂ ਐਤਵਾਰ ਤੁਹਾਨੂੰ ਪ੍ਰਚਾਰ ਕੀਤਾ ਸੀ ਕਿ ਪ੍ਰਮੇਸ਼ਵਰ ਦੇ ਵਚਨ ਦਾ ਮਹਾਨ ਸੰਗੀਤ ਵੱਜ ਰਿਹਾ ਹੈ। ਅਤੇ ਕਿਸੇ ਵੀ ਸੰਗੀਤਕਾਰ ਵਾਂਗ ਪ੍ਰਮੇਸ਼ਵਰ ਹੀ ਇਹਨ੍ਹਾਂ ਸ੍ਰਗ੍ਮਾਂ ਦੀਆਂ ਧੁਨਾਂ ਨੂੰ ਆਪਣੇ ਸਮੇਂ ਅਨੁਸਾਰ ਬਦਲ ਰਿਹਾ ਹੈ। ਜਦੋਂ ਅਸੀਂ ਇਹਨਾਂ ਸਮਿਆਂ ਅਤੇ ਯੁਗਾਂ ਦੇ ਬਦਲਾਉ ਨੂੰ ਵੇਖਦੇ ਹਾਂ ਤਾਂ ਇਸ ਸਮਾਚਾਰ ਪੱਤਰ ਨੂੰ ਵੇਖੋ ਤਾਂ ਤੁਸੀਂ ਸਮਝ ਜਾਉਗੇ ਕਿ ਅਸੀਂ *ਇੱਥੇ* ਕਿਸ ਲਈ ਆਏ ਹਾਂ। ਉਹਨਾਂ ਨੇ ਤਾਂ ਇਸੇ ਤਰਾਂ ਹੀ ਕਰਨਾ ਹੈ, ਉਹਨਾਂ ਨੂੰ ਅਜਿਹਾ ਕਰਨ ਤੋਂ ਰੋਕਣ ਲਈ ਕੋਈ ਵੀ ਤਰੀਕਾ ਨਹੀ ਹੈ।

96 ਜੇ ਕੋਈ ਮਨੁੱਖ ਇਸ ਸੰਗਤੀ ਦੀ ਇੱਕਸੁਰਤਾ ਨੂੰ ਨਹੀ ਸਮਝਦਾ ਕਿ ਇਹ ਕੀ ਹੈ? ਇਹ ਤਾਂ ਬਸ ਉਸਦੇ ਲਈ ਰੌਲਾ—ਰੱਪਾ ਹੀ ਹੈ। ਉਹ ਇਸ ਨੂੰ ਨਹੀ ਸਮਝਦਾ ਹੈ। ਇੱਥੋਂ ਤੱਕ ਕਿ ਉਹ ਇਸ ਵਿੱਚ ਦਿਲਚਸਪੀ ਵੀ ਨਹੀ ਰਖਦਾ ਹੈ। ਉਹ ਚਾਹੁੰਦਾ ਹੈ, "ਮੈਂ ਚਾਹੁੰਦਾ ਹਾਂ ਕਿ ਉਹ ਇਸਨੂੰ ਵਜਾਉਣਾ ਬੰਦ ਕਰ ਦੇਣ ਤਾਂ ਕਿ ਮੈਂ ਘਰ ਜਾ ਸਕਾਂ।" ਉਹ ਦਿਲਚਸਪੀ ਨਹੀ ਰਖਦਾ, ਕਿਉਂਕਿ ਉਹ ਸੰਗੀਤ ਤਰਾਨੇ ਨੂੰ ਜਾਣਦਾ ਹੀ ਨਹੀ ਹੈ।

97 ਪਰ ਸੰਗੀਤਕਾਰ ਇਸ ਨੂੰ ਸ਼ੁਰੂ ਤੋਂ ਲੈ ਕੇ ਆਖਿਰ ਤੱਕ ਜਾਣਦਾ ਹੈ ਅਤੇ ਜੇਕਰ ਨਿਰਦੇਸ਼ਕ ਵਿੱਚ ਉਹੋ ਆਤਮਾ ਨਾ ਹੋਵੇ ਜੋ ਸੰਗੀਤਕਾਰ ਵਿੱਚ ਹੈ ਤਾਂ ਉਹ ਇਸ ਨੂੰ ਚੰਗੀ ਤਰ੍ਹਾਂ ਨਾਲ ਸੁਰ ਨਹੀ ਦੇ ਸਕਦਾ, ਕਿਉਂਕਿ ਇਹ ਸਭ ਚਿਨ੍ਹਾਂ ਰਾਹੀਂ ਹੀ ਹੁੰਦਾ ਹੈ। ਅਤੇ ਜੇ ਚਿੰਨ੍ਹ ਹੀ ਉਸ ਨੂੰ ਪ੍ਰਮਾਣਿਤ ਨਾ ਕਰੇ ਤਾਂ ਸੰਗੀਤਕਾਰ ਉਸਨੂੰ ਕਿਵੇਂ ਵਜਾਵੇਗਾ? ਅਮੀਨ! ਇਸੇ ਤਰ੍ਹਾਂ ਹੀ ਹੈ।

98 ਜੇਕਰ ਤੁਰਹੀ ਹੀ ਬੇਠਿਕਾਣੀ ਵੱਜੇ ਤਾਂ ਕੋਣ ਇਹ ਜਾਣ ਸਕਦਾ ਹੈ ਕਿ ਯੁਧ ਲਈ ਤਿਆਰ ਹੋਣਾ ਹੈ, ਵਾਪਿਸ ਜਾਣਾ ਹੈ ਜਾਂ ਕੀ ਕਰਨਾ ਹੈ?

99 ਵਚਨ ਵਿੱਚ ਵੇਖੋ ਕਿ ਅਸੀਂ ਕੇਹੜੇ ਸਮੇਂ ਵਿੱਚ ਰਹਿ ਰਹੇ ਹਾਂ ਤਾਂ ਤੁਸੀਂ ਇੱਕ ਪੈਸੇ ਦੇ ਸਿੱਕਿਆਂ ਨੂੰ ਦੇਖ ਸਕਦੇ ਹੋ ਕੀ ਉਹ ਕੀ ਕਰਦੇ ਹਨ। ਪਰ ਤਦ ਤੁਸੀਂ ਉਨ੍ਹਾਂ ਨੂੰ ਵੀ ਵੇਖ ਸਕੋਗੇ ਕਿ ਜੋ ਜਗਮਗਾ ਰਹੇ ਹਨ, ਜੋ ਵਚਨ ਨੂੰ ਜਾਣਦੇ ਹਨ। ਇਹ ਇੱਥੇ ਹੈ।

100 ਜਿਵੇਂ ਕਿ ਖੂਹ ਉੱਤੇ ਪਾਣੀ ਭਰਨ ਆਈ ਉਹ ਛੋਟੀ ਤੀਵੀਂ ਸੀ, ਜਦੋਂ ਉਸਨੇ ਆਖਿਆ, "ਜਾਹ ਆਪਣੇ ਪਤੀ ਨੂੰ ਸੱਦ ਲਿਆ," ਉਸ ਤੀਵੀਂ ਨੇ ਆਖਿਆ, "ਮੇਰਾ ਕੋਈ ਪਤੀ ਨਹੀ ਹੈਂ।" ਯਿਸੂ ਨੇ ਕਿਹਾ, "ਤੂੰ ਠੀਕ ਆਖਦੀ ਹੈਂ, ਤੂੰ ਪੰਜ ਪਤੀ ਕਰ ਚੁੱਕੀ ਹੈਂ।"

101 ਉਸ ਤੀਵੀਂ ਨੇ ਕਿਹਾ, "ਸ਼੍ਰੀਮਾਨ, ਮੈਨੂ ਲਗਦਾ ਹੈ ਕਿ ਤੂੰ ਇੱਕ ਨਬੀ ਹੈਂ। ਕਈ ਸੌ ਸਾਲਾਂ ਤੋਂ ਸਾਡੇ ਕੋਲ ਕੋਈ ਨਬੀ ਨਹੀ ਹੈ। ਪਰ ਅਸੀਂ ਜਾਣਦੇ ਹਾਂ ਕਿ ਮਸੀਹ ਆ ਰਿਹਾ ਹੈ ਅਤੇ ਉਹ ਇੱਕ ਨਬੀ ਹੋਵੇਗਾ। ਇਹੋ ਹੀ ਕੰਮ ਉਹ ਵੀ ਕਰੇਗਾ।"

ਉਸਨੇ ਕਿਹਾ, "ਮੈਂ ਉਹੋ ਹੀ ਹਾਂ।"

102 ਔਹ, ਤਦ ਉਥੇ ਤੁਰੰਤ ਹੀ ਸੰਗੀਤ ਤਰਾਨਾ, ਹੌਲੀ ਅਵਾਜ਼ ਤੋਂ ਉੱਚੀ ਅਵਾਜ਼ ਵਿੱਚ ਵਜਣ ਲੱਗਾ। ਉਹ ਨਗਰ ਵਿੱਚ ਦੌੜ ਗਈ, ਅਤੇ ਆਖਿਆ, "ਆਉ, ਇੱਕ ਮਨੁੱਖ ਨੂੰ ਵੇਖੋ ਜਿਸਨੇ ਇਹ ਸਭ ਕੁਝ ਮੈਨੂੰ ਦਸ ਦਿੱਤਾ ਜੋ ਮੈਂ ਕੀਤਾ ਸੀ। ਕੀ ਇਹ ਉਹੋ ਮਸੀਹਾ ਤਾਂ ਨਹੀ ਜਿਸਦੀ ਅਸੀਂ ਉਡੀਕ ਕਰ ਰਹੇ ਹਾਂ?" ਯਕੀਨਨ।

103 ਵੇਖੋ, ਉਹ ਉਸ ਸੰਗੀਤ ਪੱਤਰ ਨੂੰ ਸਮਝ ਗਈ ਜੋ ਇੱਕਸੁਰਤਾ ਵਿੱਚ ਵੱਜ ਰਿਹਾ ਸੀ, ਜੋ ਵਿਸ਼ਵਾਸ਼ ਨੂੰ ਬੇਪ੍ਰਤੀਤੀ ਨਾਲੋਂ ਵਖਰਾ ਕਰਦਾ ਹੈ। ਵਿਸ਼ਵਾਸ਼ ਸਿਰਫ ਆ ਸਕਦਾ ਹੈ... ਵਿਸ਼ਵਾਸ਼ ਕਿਸੇ ਗਿਰਜੇ ਰਾਹੀਂ ਨਹੀ ਆਉਂਦਾ, ਵਿਸ਼ਵਾਸ਼ ਤਾਂ ਪ੍ਰਮੇਸ਼ਵਰ ਦੇ ਵਚਨ ਨੂੰ ਸੁਨਣ ਰਾਹੀਂ ਆਉਂਦਾ ਹੈ, ਇਹ ਜਾਨਣ ਨਾਲ ਕਿ ਇਹ ਕੀ ਹੈ। ਹੁਣ, ਅਸੀਂ ਵੇਖਦੇ ਹਾਂ ਕਿ ਅੱਜ ਵੀ ਇਹ ਹੀ ਗੱਲ ਹੈ।

104 ਅੱਜ ਬਹੁਤ ਸਾਰੇ ਲੋਕ ਵਰਦਾਨਾਂ ਨੂੰ ਵੇਖਦੇ ਹਨ। (ਹੁਣ, ਇਸ ਸੰਦੇਸ਼ ਨੂੰ ਸਮਾਪਤ ਕਰਨ ਲਈ ਮੈਂ ਪੰਜ ਮਿੰਟ ਹੋਰ ਲਵਾਂਗਾ) ਲੋਕ ਵਰਦਾਨਾਂ ਵੱਲ ਵੇਖਦੇ ਹਨ, ਅਤੇ ਉਹ ਸੋਚਦੇ ਹਨ, "ਔਹ, ਇਹ ਕਿੰਨੀ ਮਹਾਨ ਚੀਜ਼ ਹੈ," ਅਤੇ ਉਹ ਵਰਦਾਨਾਂ ਦੀ ਨਕਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਤੁਸੀਂ ਅਜਿਹਾ ਨਹੀ ਕਰ ਸਕਦੇ ਹੋ। ਤੁਸੀਂ ਸਿਰਫ...ਤੁਸੀਂ ਇੱਕ—ਇੱਕ—ਇੱਕ ਪੈਸੇ ਦੇ ਸਿੱਕੇ ਨੂੰ ਇੱਕ ਰੁਪਏ ਦਾ ਸਿੱਕਾ ਨਹੀ ਬਣਾ ਸਕਦੇ ਹੋ, ਤੁਸੀਂ ਇਸਦੀ ਨਕਲ ਅਥਵਾ ਕਲੀ ਨਹੀ ਕਰ ਸਕਦੇ ਹੋ। ਇਹ ਤਾਂ ਇੱਕ ਪੈਸੇ ਦਾ ਸਿੱਕਾ ਹੀ ਹੈ। ਪਰ ਜੇ ਤੁਸੀਂ ਆਪਣੇ ਆਪ ਨੂੰ ਇੱਕ ਪੈਸੇ ਦੇ ਰੂਪ ਵਿੱਚ ਪਛਾਣ ਲੈਂਦੇ ਹੋ ਅਤੇ ਬਾਕੀ ਦੇ ਸਿੱਕਿਆਂ ਦੀ ਭਾਨ ਨਾਲ ਚਲਦੇ ਹੋ, ਤਾਂ ਵੇਖੋ, ਪ੍ਰਮੇਸ਼ਵਰ ਤੁਹਾਡੀ ਵਰਤੋਂ ਕਰ ਸਕਦਾ ਹੈ। ਹੋ ਸਕਦਾ ਹੈ ਕਿ ਅਸੀਂ ਸਭ ਕੁਝ ਕਰਨ ਦੇ ਯੋਗ ਨਾ ਹੋਈਏ। ਇਥੇ ਹਰ ਕੋਈ ਨਹੀ...

105 ਜਦੋਂ ਪ੍ਰਮੇਸ਼ਵਰ ਨੇ ਇਸਰਾਇਲ ਨੂੰ ਮਿਸਰ ਵਿੱਚੋਂ ਬਾਹਰ ਬੁਲਾਇਆ ਸੀ, ਤਾਂ ਉਹਨਾਂ ਵਿੱਚੋਂ ਹਰੇਕ ਨੂੰ ਉਹ ਸਭ ਕਰਨ ਦੀ ਲੋੜ ਨਹੀ ਸੀ ਜੋ ਮੂਸਾ ਨੇ ਕੀਤਾ, ਪਰ ਉਹਨਾਂ ਨੇ ਇਸ ਉੱਤੇ ਵਿਸ਼ਵਾਸ਼ ਕੀਤਾ ਸੀ। ਇਹ ਠੀਕ ਹੈ। ਉਹਨਾਂ ਨੇ ਮੂਸਾ ਉੱਤੇ ਵਿਸ਼ਵਾਸ਼ ਕੀਤਾ, ਕਿਉਂਕਿ ਉਹ ਜਾਣਦੇ ਸਨ ਕਿ ਇਹ ਉਹਨਾਂ ਦੇ ਸਮੇਂ ਦਾ ਨਿਸ਼ਾਨ ਹੈ ਅਤੇ ਪ੍ਰਮੇਸ਼ਵਰ ਨੇ ਇਹ ਸਾਬਿਤ ਕੀਤਾ ਸੀ ਕਿ ਉਸਦੇ ਕੋਲ ਉਸਦਾ ਵਚਨ ਹੈ।

ਉਹਨਾਂ ਨੇ ਕਿਹਾ, “ਫਿਰਾਉਨ ਦੇ ਕੋਲ ਬਰਛੇ ਹਨ।”

ਉਸਨੇ ਆਖਿਆ, “ਪਰ ਮੂਸਾ ਦੇ ਕੋਲ ਪ੍ਰਮੇਸ਼ਵਰ ਦਾ ਵਚਨ ਹੈ।”

106 ਬਸ ਇਹੋ ਹੀ ਸੀ। ਹੋ ਸਕਦਾ ਹੈ ਕਿ ਫਿਰਾਉਨ ਕੋਲ ਬੜੀ ਸ਼ਕਤੀਸ਼ਾਲੀ ਫੌਜ ਹੋਵੇ, ਪਰ ਮੂਸਾ ਦੇ ਕੋਲ ਪ੍ਰਮੇਸ਼ਵਰ ਦਾ ਵਚਨ ਸੀ ਕਿਉਂਕਿ ਉਹ ਪ੍ਰਮੇਸ਼ਵਰ ਦਾ ਨਬੀ ਸੀ। ਅਤੇ ਵਚਨ ਉਸਦੇ ਕੋਲ ਆਇਆ ਅਤੇ ਇਹ ਪ੍ਰਮਾਣਿਤ ਕੀਤਾ ਗਿਆ ਸੀ ਕਿ ਉਹ ਵਚਨ ਸੱਚਾ ਹੈ। ਇਹ ਜਿਉਂਦਾ ਪ੍ਰਮੇਸ਼ਵਰ ਹੀ ਸੀ, ਜੋ ਧਰਤੀ ਦੀ ਧੂੜ ਨੂੰ ਉਤਾਂਹ ਸੁੱਟ ਕੇ ਉਸਨੂੰ ਪਿੱਸੂ ਬਣਾ ਸਕਿਆ। ਇੱਕ ਮਨੁਖ ਅਜਿਹਾ ਨਹੀ ਕਰ ਸਕਦਾ ਹੈ। ਉਹ ਇੱਕ ਮਨੁੱਖ ਵਾਂਗੂੰ ਉੱਥੇ ਖੜਾ ਹੋ ਕੇ ਅਖ ਦਿੰਦਾ ਸੀ ਕਿ, “ਕਲ ਇਸ ਸਮੇਂ *ਇਹ ਇਹ* ਹੋਵੇਗਾ,” ਅਤੇ ਉਸੇ ਤਰਾਂ ਹੋ ਜਾਂਦਾ ਸੀ। ਸਮਝੇ? ਉਹ ਜਾਣਦੇ ਸਨ ਕਿ ਮੂਸਾ ਦੇ ਕੋਲ ਪ੍ਰਮੇਸ਼ਵਰ ਦਾ ਵਚਨ ਹੈ। ਕੋਈ ਪ੍ਰਵਾਹ ਨਹੀ ਹੈ ਕਿ ਫਿਰਾਉਣ ਕੋਲ ਕਿੰਨੇ ਕੁ ਬਰਛੇ ਅਤੇ ਕਿੰਨੇ ਕੁ ਤਹਿਖਾਨੇ ਸਨ ਅਤੇ ਕਿੰਨੀਆਂ ਕੁ ਇੱਟਾਂ ਲੱਗੀਆਂ ਸਨ, ਮੂਸਾ ਕੋਲ ਪ੍ਰਮੇਸ਼ਵਰ ਦਾ ਵਚਨ ਸੀ। ਇਸ ਲਈ ਉਹਨਾਂ ਨੇ ਉਜਾੜ ਵਿੱਚ ਜਾਣਾ ਸ਼ੁਰੂ ਕਰ ਦਿੱਤਾ।

107 ਉੱਥੇ ਇੱਕ ਦਾਥਾਨ ਨਾਮ ਦਾ ਮਨੁੱਖ ਸੀ, ਉਸਨੇ ਮੂਸਾ ਨੂੰ ਆਖਿਆ, “ਮੂਸਾ ਤੂੰ ਬਹੁਤ ਕਰ ਲਿਆ, ਹੁਣ ਬਸ ਕਰ। ਅਸੀਂ ਸਾਰੇ ਹੀ ਪਵਿੱਤਰ ਲੋਕ ਹਾਂ, ਇਸ ਲਈ ਸਾਨੂੰ ਸਾਰੀਆਂ ਨੂੰ ਹੀ ਉਹ ਕਰਨ ਦੇ ਯੋਗ ਹੋਣਾ ਚਾਹਿਦਾ ਹੈ, ਜੋ ਮੂਸਾ ਨੇ ਕੀਤਾ ਹੈ।”

ਅਤੇ ਮੂਸਾ ਨੇ ਕਿਹਾ, “ਪ੍ਰਮੇਸ਼ਵਰ, ਤੇਰੀ ਇਸ ਬਾਰੇ ਕੀ ਇੱਛਾ ਹੈ?”

108 ਪ੍ਰਮੇਸ਼ਵਰ ਨੇ ਕਿਹਾ, “ਆਪਣੇ ਆਪ ਨੂੰ ਵੱਖਰਾ ਕਰ ਲੈ। ਉਹਨਾਂ ਤੋਂ ਲਾਂਭੇ ਹੋ ਜਾਹ।” ਅਤੇ ਉਸਨੇ ਧਰਤੀ ਦਾ ਮੂੰਹ ਖੋਲ ਦਿੱਤਾ ਅਤੇ ਧਰਤੀ ਨੇ ਦਾਥਾਨ ਅਤੇ ਉਸਦੇ ਜੱਥੇ ਨੂੰ ਨਿਗਲ ਲਿਆ।

109 ਉਸਨੇ ਆਪਣੇ ਵਚਨ ਦੇ ਪ੍ਰਗਟੀਕਰਣ ਰਾਹੀਂ ਚਾਨਣ ਨੂੰ ਹਨੇਰੇ ਨਾਲੋਂ ਵੱਖਰਾ ਕੀਤਾ। ਉਹ ਅੱਜ ਵੀ ਉਹੋ ਹੀ ਪ੍ਰਮੇਸ਼ਵਰ ਹੈ।

110 ਮੈਂ ਬੰਦ ਕਰਨ ਵਾਲਾ ਹਾਂ। ਮੈਂ ਪਿਛਲੀ ਰਾਤ ਤੁਹਾਨੂੰ ਦਸ ਰਿਹਾ ਸੀ, ਜਦੋਂ ਮੈਂ ਪਹਿਲੀ ਵਾਰ ਇੱਥੇ ਆਇਆ ਸੀ। ਇਹ ਗੱਲ ਮੇਰੇ ਆਪਣੇ ਤੌਰ ਤੇ ਨਹੀ ਹੈ। ਜੇਕਰ ਤੁਸੀਂ ਅਜਿਹਾ ਸੋਚਦੇ ਹੋ, ਤਾਂ ਕਿਰਪਾ ਕਰ ਕੇ ਤੁਸੀਂ ਆਪਣੇ ਦਿਲਾਂ ਦੇ ਪਰਦਿਆਂ ਨੂੰ ਹੇਠਾਂ ਸੁੱਟ ਲਉ। ਮੈਂ ਇਹ ਉਹਨਾਂ ਲੋਕਾਂ ਨੂੰ ਕਹਿ ਰਿਹਾ ਹਾਂ ਜੋ ਨਿਹਚਾ ਕਰਦੇ ਹਨ।

111 ਇਹ ਤਾਂ ਪਹਿਲਾਂ ਹੀ ਦਸ ਦਿੱਤਾ ਗਿਆ ਸੀ ਕਿ ਇਸ ਯੁਗ ਵਿੱਚ ਕੀ—ਕੀ ਵਾਪਰੇਗਾ ਅਤੇ ਤੁਸੀਂ ਸਭ ਇਸਦੇ ਗਵਾਹ ਹੋ ਜਿਵੇਂ ਕਲ ਰਾਤ, ਦਿਲਾਂ ਦੇ ਭੇਦਾਂ ਨੂੰ ਬੁਝ ਜਾਣ ਦੇ ਤੁਸੀਂ ਗਵਾਹ ਹੋ। ਅਤੇ ਕਿਸ ਤਰਾਂ ਨਕਲ ਕਰਨ ਵਾਲੇ ਨਕਲ ਕਰ ਰਹੇ ਹਨ ਅਤੇ ਸਭ ਕੁਝ ਵਾਪਰਿਆ ਹੈ ਜਿਵੇਂ ਕਿ ਆਖਿਆ ਗਿਆ ਸੀ।

112 ਪਰ, ਆਖਰੀ ਘਟਨਾ ਜੋ ਵਾਪਰੇਗੀ, ਉਹ ਬਹੁਤ ਹੀ ਵੱਡੀ ਗੱਲ ਹੋਵੇਗੀ। ਅਸੀਂ ਸਾਲਾਂ ਤੋਂ ਇਸਦੇ ਵਾਪਰਨ ਦਾ ਇੰਤਜ਼ਾਰ ਕਰ ਰਹੇ ਹਾਂ। ਅਤੇ ਅਸੀਂ ਸਾਰੇ ਜਾਣਦੇ ਹਾਂ ਕਿ ਜਦ ਇਹ ਪਹਿਲੀ ਵਾਰੀ ਹੋਇਆ ਸੀ, ਜਦ ਸ੍ਰਿਸ਼ਟੀ ਤਿੰਨ ਵਾਰ ਹੋਂਦ ਵਿੱਚ ਆਈ। ਅਤੇ ਫਿਰ ਚੋਥੀ ਵਾਰ ਹੋਇਆ। ਕੱਲ ਰਾਤ ਮੈਂ ਤੁਹਾਨੂੰ ਦਸਿਆ ਸੀ ਕਿ ਇਹ ਹੁਣ ਪੰਜਵੀਂ ਵਾਰ ਹੋਇਆ ਹੈ।

113 ਅਤੇ ਇਹ ਗਿਰਜਿਆਂ ਦੀ ਸਭਾ ਦਾ ਇੰਤਜ਼ਾਰ ਕਰ ਰਿਹਾ ਹੈ ਜਦੋਂ ਪ੍ਰੋਟੈਸਟੇਂਟ ਆਪਸ ਵਿੱਚ ਜੁੜ ਜਾਣਗੇ। ਜੇ ਮੈਂ ਐਤਵਾਰ ਸਵੇਰ ਨੂੰ ਬੋਲਿਆ ਤਾਂ ਮੈਂ ਇਸੇ ਉੱਤੇ ਹੀ ਬੋਲਣਾ ਚਾਹਾਂਗਾ...ਮੇਰਾ ਮਤਲਬ ਹੈ ਕਿ ਇਸੇ ਹੀ ਵਿਸ਼ੇ ਉੱਤੇ ਮੈਂ ਸ਼ਨੀਵਾਰ ਸਵੇਰ ਬੋਲਾਂਗਾ, ਵੇਖੋ, ਹੁਣ। ਤੇ ਜਦੋਂ ਇਹ ਇੱਕਠੇ ਹੋ ਜਾਂਦੇ ਹਨ ਤਾਂ ਪ੍ਰਮੇਸ਼ਵਰ ਦਾ ਆਤਮਾ ਹਮੇਸ਼ਾ ਹੀ ਇਸਦੇ ਵਿਰੁਧ ਝੰਡਾ ਖੜਾ ਕਰਦਾ ਹੈ। ਸਮਝੇ?

ਅੱਜ ਰਾਤ ਇੱਥੇ ਇਕ ਆਦਮੀ ਬੈਠਾ ਹੋਇਆ ਹੈ, ਜਿਹੜਾ ਇਸ ਗੱਲ ਦਾ ਗਵਾਹ ਹੈ।

114 ਬਹੁਤ ਸਮਾਂ ਨਹੀ ਹੋਇਆ, ਇਸ ਪਿਛਲੀ ਬਰਫ਼ ਦੇ ਡਿਗਣ ਸਮੇਂ ਮੈਂ ਕ੍ਲੋਰੈਡੋ ਵਿੱਚ ਸੀ। ਮੈਂ ਉਥੇ ਸ਼ਿਕਾਰ ਖੇਡਣ ਜਾਂਦਾ ਹਾਂ। ਅਤੇ ਆਮ ਤੌਰ ਤੇ ਮੈਂ ਉਥੇ ਆਪਣੇ ਵਿਆਹ ਦੀ ਸਾਲ ਗਿਰਾਹ ਮਨਾਉਣ ਲਈ ਜਾਂਦਾ ਹਾਂ। ਜਦੋਂ ਮੇਰਾ ਅਤੇ ਮੇਰੀ ਪਤਨੀ ਦਾ ਵਿਆਹ ਹੋਇਆ ਸੀ ਤਾਂ ਮੈਂ ਆਪਣੇ ਕੰਮ ਦੌਰਾਨ ਮਿਲੇ ਹੋਏ ਪੰਜ—ਪੰਜ ਪੈਸਿਆਂ ਦੇ ਸਿੱਕਿਆਂ ਨੂੰ ਜਮਾ ਕਰ ਕੇ ਰਖਿਆ ਹੋਇਆ ਸੀ ਤਾਂ ਕਿ ਬੈਕਿੰਗ ਪਾਉਡਰ ਅਤੇ ਹੋਰ ਸਮਗਰੀ ਖਰੀਦੀ ਜਾ ਸਕੇ। ਅਤੇ ਜਦੋਂ ਮੇਰਾ ਵਿਆਹ ਹੋਇਆ ਤਾਂ ਮੇਰੇ ਕੋਲ ਇੰਨੇ ਪੈਸੇ ਨਹੀ ਸਨ ਕਿ ਮੈਂ ਆਪਣੀ ਪਤਨੀ ਨੂੰ ਹਨੀਮੂਨ ਲਈ ਲੈ ਕੇ ਜਾ ਸਕਾਂ ਅਤੇ ਸ਼ਿਕਾਰ ਖੇਡਣ ਜਾ ਸਕਾਂ। ਇਸ ਲਈ ਉਸ ਸਮੇਂ ਤੋਂ ਲੈ ਕੇ ਮੈਂ ਅਜਿਹਾ ਹੀ ਕਰਦਾ ਹਾਂ : ਉਦੋਂ ਤੋਂ ਲੈ ਕੇ ਮੈਂ ਆਪਣੇ ਵਿਆਹ ਦੀ ਸਾਲਗਿਰਾਹ ਆਪਣੀ ਪਤਨੀ ਨਾਲ ਘਰ ਨਾ ਹੋ ਕੇ ਕ੍ਲੋਰੈਡੋ ਵਿੱਚ ਹੀ ਹੁੰਦਾ ਹਾਂ। ਇਸ ਵਾਰ ਵੀ ਮੈਂ ਕ੍ਲੋਰੈਡੋ ਵਿੱਚ ਸੀ।

115 ਪਿਛਲੀ ਰਾਤ ਮੈਂ ਇੱਥੇ ਉਹਨਾਂ ਦੋ ਸੇਵਕਾਂ ਨੂੰ ਵੇਖਿਆ ਸੀ ਜੋ ਮੇਰੇ ਨਾਲ ਉੱਥੇ ਸ਼ਿਕਾਰ ਦੇ ਕੈਂਪ ਵਿੱਚ ਸਨ, ਜਿੱਥੇ ਮੈਂ ਅਲਾਸਕਾ ਤੋਂ ਹੇਠਾਂ ਆਉਣਾਂ ਸੀ ਅਤੇ ਉਹਨਾਂ ਨੂੰ ਮਿਲਣਾ ਸੀ। ਉਹ ਮਾਰਟਿਨ ਮੁੰਡੇ ਸਨ। ਉਹ ਕਲ ਰਾਤ ਇੱਥੇ ਸਨ। ਮੈਂ...ਉਹ ਇੱਥੇ ਪਿਛਲੇ ਪਾਸੇ ਬੈਠੇ ਹੋਏ ਸਨ। ਅਤੇ ਤਦ ਉਹ ਦੂਸਰਾ ਛੋਟਾ ਮੁੰਡਾ ਮੈਂ ਉਸਦਾ ਨਾਂ ਭੁੱਲ ਗਿਆ, ਉਹ ਬੈਠਾ ਹੋਇਆ ਸੀ...ਸੋਨੀ, ਕੀ ਤੁਸੀਂ ਵੀ ਉੱਥੇ ਸੀ? ਇਹ ਠੀਕ ਹੈ। ਅਤੇ ਹੋ ਸਕਦਾ ਹੈ ਕਿ ਭਾਈ ਪਾਮਰ ਇਥੇ ਹੋਣ? ਮੈਂ...ਅਤੇ ਅਸੀਂ ਉੱਤੇ ਪਹਾੜਾਂ ਵਿੱਚ ਸੀ। ਅਤੇ ਮੈਂ ਕ੍ਲੋਰੈਡੋ ਵਿੱਚ ਗਾਇਡ ਹਾਂ, ਅਤੇ ਮੈਂ ਕਈ ਸਾਲ ਉੱਥੇ ਸ਼ਿਕਾਰ ਕੀਤਾ ਹੈ।

116 ਅਤੇ ਹਰ ਵਾਰ, ਸਾਡੇ ਵਿਆਹ ਦੀ ਸਾਲਗਿਰਾਹ 23 ਅਕਤੂਬਰ ਨੂੰ ਆਉਂਦੀ ਹੈ...ਉੱਥੇ ਅਡੀ—ਰੋਨ—ਡੇਕ ਪਹਾੜਾਂ ਵਿੱਚ ਇੱਕ ਛੋਟੀ ਜਿਹੀ ਥਾਂ ਹੈ, ਜਿੱਥੇ ਮੈਂ ਆਪਣੀ ਪਤਨੀ ਨੂੰ ਹਨੀਮੂਨ ਲਈ ਲੈ ਗਿਆ ਅਤੇ ਉਹ ਥਾਂ ਇਸੇ ਹੀ ਥਾਂ ਵਰਗੀ ਲਗਦੀ ਹੈ, ਸਿਰਫ ਇਹ ਸੀ... ਉੱਥੇ ਐਸਪਸ ਦੇ ਹਿਲਦੇ ਹੋਏ ਰੁੱਖ ਹਨ ਅਤੇ ਛੋਟੀਆਂ ਛੋਟੀਆਂ ਝਾੜੀਆਂ ਅਤੇ ਜੰਗਲੀ ਰੁੱਖ ਹਨ। ਅਤੇ ਕਦੇ ਕਦੇ 23 ਅਕਤੂਬਰ ਨੂੰ ਮੈਂ ਉੱਥੇ ਸਾਰਾ ਦਿਨ ਫਿਰਦਾ ਰਹਿੰਦਾ ਹਾਂ ਅਤੇ ਆਪਣਾ ਟੋਪ ਉਤਾਰ ਕੇ ਆਪਣੀ ਚੰਗੀ ਅਤੇ ਵਫ਼ਾਦਾਰ ਪਤਨੀ ਲਈ ਪ੍ਰਭੂ ਦਾ ਧਨਵਾਦ ਕਰਦਾ ਰਹਿੰਦਾ ਹਾਂ ਕਿ ਉਹ ਇਹਨਾਂ ਸਾਰੇ ਸਾਲਾਂ ਵਿੱਚ ਮੇਰੇ ਪ੍ਰਤੀ ਵਫ਼ਾਦਾਰ ਅਤੇ ਦਿਆਲੂ ਰਹੀ ਹੈ ਅਤੇ ਜਦੋਂ ਮੈਂ ਖੁਸ਼ਖਬਰੀ ਦਾ ਪ੍ਰਚਾਰ ਕਰਨ ਜਾਂਦਾ ਹਾਂ ਤਾਂ ਉਹ ਮੇਰੀ ਸਹਾਇਤਾ ਕਰਦੀ ਹੈ।

117 ਅਤੇ ਇਸ ਸਾਲ ਕ੍ਲੋਰੈਡੋ ਵਿੱਚ ਮੌਸਮ ਬਹੁਤ ਹੀ ਜਿਆਦਾ ਖੁਸ਼ਕ ਸੀ, ਜਿਵੇਂ ਕਿ ਇਸੇ ਹੀ ਤਰਾਂ ਦਾ ਮੌਸਮ ਸਾਰੇ ਦੇਸ਼ ਭਰ ਵਿੱਚ ਵੀ ਰਿਹਾ ਹੈ। ਹਰੇਕ ਵਾਰ ਉੱਥੇ...ਮੈਂ ਸੋਚਦਾ ਹਾਂ ਕਿ ਸਾਡੇ ਤੋਂ ਉਤਾਹਾਂ ਵਾਲੇ ਪਹਾੜਾਂ ਉੱਤੇ ਲਗਭਗ ਦੋ ਸੌ ਆਦਮੀ ਸਨ, ਮੈਨੂ ਮਾਫ਼ ਕਰਨਾ, ਸਾਡੇ ਕੈਂਪਾਂ ਤੋਂ ਉਤਾਹਾਂ ਲਗਭਗ ਇੱਕ ਸੌ ਆਦਮੀ ਸਾਡੇ ਤੋਂ ਅੱਗੇ ਸਨ। ਅਤੇ ਉਹ ਉੱਥੇ ਚਾਰ ਜਾਂ ਪੰਜ ਦਿਨਾਂ ਤੋਂ ਸ਼ਿਕਾਰ ਖੇਡ ਰਹੇ ਸਨ। ਅਤੇ ਮੈਂ ਹਿਰਨ ਉੱਤੇ ਗੋਲੀ ਚਲਾਈ ਅਤੇ ਮੈਂ ਸਾਲਾਂ ਤੋਂ ਹੀ ਹਿਰਨ ਦਾ ਸ਼ਿਕਾਰ ਕਰਦਾ ਆ ਰਿਹਾ ਸੀ। ਮੈਂ ਹਿਰਨ ਉੱਤੇ ਗੋਲੀ ਚਲਾਈ ਪਰ ਘਣੀ ਧੁੰਦ ਛਾ ਜਾਣ ਕਾਰਨ, ਮੈਂ ਉਸ ਹਿਰਨ ਨੂੰ ਨਹੀ ਵੇਖਿਆ ਅਤੇ ਨਾ ਹੀ ਮੈਂ ਉਸ ਨੂੰ ਲਭ ਸਕਿਆ। ਅਤੇ ਉਸ ਦਿਨ ਮੈਂ ਉਸੇ ਦਾ ਹੀ ਸ਼ਿਕਾਰ ਕਰਨ ਵਿੱਚ ਲੱਗਾ ਰਿਹਾ ਸੀ।

118 ਅਤੇ ਅਗਲੇ ਦਿਨ ਫੋਨ ਉੱਤੇ ਜਾਂ...ਰੇਡੀਓ ਤੇ ਇਹ ਆਖਿਆ ਕਿ, "ਇੱਕ ਬਰ੍ਫ਼ੀਲਾ ਤੂਫਾਨ ਆ ਰਿਹਾ ਹੈ ਅਤੇ ਰਾਤ ਭਰ ਵਿੱਚ ਹੀ ਇਹਨਾਂ ਪਹਾੜਾਂ ਉੱਤੇ ਵੀਹ ਫੁੱਟ ਦੀ ਉਚਾਈ ਤਕ ਬਰਫ਼ ਜੰਮ ਸੱਕਦੀ ਹੈ।"

119 ਅਤੇ ਇਸ ਲਈ ਮੈਂ ਭਾਈਆਂ ਨੂੰ ਆਖਿਆ। ਮੈਂ ਉਹਨਾਂ ਨੂੰ ਅੰਦਰ ਬੁਲਾਇਆ। ਮਾਰਟਿਨ ਮੁੰਡੇ ਵੀ ਉੱਥੇ ਹੀ ਸਨ। ਮੈਂ ਆਖਿਆ, "ਭਾਇਓ, ਜੋ ਖਬਰਾਂ ਆਖਦਿਆਂ ਹਨ ਤੁਸੀਂ ਸੁਣਿਆ ਹੈ।" ਹੁਣ, ਜੇਕਰ ਤੁਸੀਂ ਇੱਥੋਂ ਬਾਹਰ ਨਿਕਲਣਾ ਚਾਹੁੰਦੇ ਹੋ ਤਾਂ ਬੇਹਤਰ ਇਹੋ ਹੀ ਹੋਵੇਗਾ ਕਿ ਤੁਸੀਂ ਹੁਣੇ ਹੀ ਇੱਥੋਂ ਤੁਰ ਪਓ, ਨਹੀ ਤਾਂ ਬਹੁਤ ਦੇਰ ਹੋ ਚੁਕੀ ਹੋਵੇਗੀ। ਹੋ ਸਕਦਾ ਹੈ ਕਿ ਫਿਰ ਤੁਹਾਨੂੰ ਹਫਤਾ ਭਰ ਇੱਥੇ ਹੀ ਟਿਕਣਾ ਪਵੇ। ਅਤੇ ਮੈਨੂੰ ਇੱਥੋਂ ਜਾਣਾ ਚਾਹਿਦਾ ਹੈ ਕਿਉਂਕਿ ਅਗਲੇ ਸੋਮਵਾਰ ਮੈਂ ਕ੍ਰਿਸਚਨ ਬਿਜਨਸਮੈਨ, ਫੁੱਲ ਗੋਸ੍ਪੇਲ ਬਿਜਨਸਮੈਨ ਦੀ ਬੰਦਗੀ ਵਿੱਚ ਟਿਊਸਾਨ ਜਾਣਾ ਹੈ। ਫਿਰ ਵੀ ਤੁਹਾਡੀ ਆਪਣੀ ਮਰਜੀ ਹੈ। ਜੇ ਤੁਸੀਂ ਇੱਥੇ ਠਹਿਰਨਾ ਚਾਹੁੰਦਾ ਹੋ, ਤਾਂ ਮੈਂ ਵੀ ਇੱਥੇ ਹੀ ਠਾਹਿਰਾਂਗਾ, ਕਿਉਂਕਿ ਮੈਂ ਤੁਹਾਡਾ ਗਾਇਡ ਹਾਂ।

ਓਹਨਾਂ ਵਿੱਚੋਂ ਹਰ ਇੱਕ ਨੇ ਆਖਿਆ, "ਅਸੀਂ ਇੱਥੇ ਹੀ ਠਹਿਰਾਂਗੇ। ਅਸੀਂ ਇੱਥੇ ਹੀ ਠਹਿਰਾਂਗੇ।"

120 ਮਾਰਟਿਨ ਮੁੰਡਿਆਂ ਦੇ ਕੋਲ ਹੌਲੀ ਗਤੀ ਵਾਲਾ ਜਾਂ ਅਸਲ ਵਿੱਚ ਤੇਜ ਗਤੀ ਵਾਲਾ ਇੱਕ ਟਰੱਕ ਸੀ, ਬਲਕਿ ਉਹਨਾਂ ਸਾਰਿਆਂ...ਅਤੇ ਸਾਡੇ ਕੋਲ ਕੁਝ ਵਾਧੂ ਹਿਰਨ ਹੋ ਗਏ ਸਨ, ਅਸੀਂ ਉਹ ਹਿਰਨ ਮਾਰਟਿਨ ਮੁੰਡਿਆਂ ਨੂੰ ਅਤੇ ਉਹਨਾਂ ਦੇ ਲੋਕਾਂ ਨੂੰ ਦੇ ਦਿੱਤੇ ਸਨ ਅਤੇ ਉਹ ਬਾਹਰ ਚਲੇ ਗਏ, ਪਰ ਉਹ ਬਾਹਰ ਜਾ ਨਾ ਸਕੇ। ਇਸੇ ਲਈ, ਉਹ ਅੱਜ ਰਾਤ ਇੱਕ ਗਵਾਹ ਦੇ ਤੌਰ ਤੇ ਇੱਥੇ ਹਨ।

121 ਅਤੇ ਫਿਰ ਅਗਲੇ ਦਿਨ ਮੈਂ ਸੋਚਿਆ...ਚੰਗਾ, ਉਸ ਦਿਨ ਬਰਫ਼ ਨਹੀ ਪਈ ਅਤੇ ਉਸ ਦਿਨ ਉਹ ਬਾਹਰ ਚਲੇ ਗਏ। ਮੈਂ ਆਖਿਆ, "ਜੇਕਰ ਅਸੀਂ ਬਰਫ਼ ਡਿਗਣ ਤੋਂ ਪਹਿਲਾਂ ਹੀ ਉਤਲੇ ਥਾਂ ਵਿੱਚ ਪਹੁੰਚ ਜਾਂਦੇ ਹਾਂ ਤਾਂ ਕੱਲ ਮੈਂ ਜਾਵਾਂਗਾ ਅਤੇ ਆਪਣੀ ਪਤਨੀ ਨੂੰ ਫੋਨ ਕਰਾਂਗਾ ਅਤੇ ਉਸਨੂੰ ਦਸਾਂਗਾ ਕਿ ਤੇਰੇ ਵਰਗੀ ਚੰਗੀ ਪਤਨੀ ਲਈ ਮੈਂ ਪ੍ਰਭੂ ਦਾ ਬਹੁਤ ਹੀ ਧੰਨਵਾਦੀ ਹਾਂ। ਇਹ ਉਸਦੇ ਵਿਆਹ ਦੀ ਸਾਲਗਿਰਾਹ ਹੈ।" ਅਤੇ ਫਿਰ ਕੱਲ ਮੈਂ ਉਸ ਜਗ੍ਹਾ ਤੇ ਜਾਵਾਂਗਾ, ਜੇ ਅਸੀਂ ਉੱਥੇ ਬਰਫ਼ ਲਈ ਜਾ ਸਕੇ ਤਾਂ।

122 ਇਸ ਲਈ ਮੈਂ...ਮੈਂ ਗਿਆ ਅਤੇ ਫੋਨ ਉੱਤੇ ਆਪਣੀ ਪਤਨੀ ਨੂੰ ਨਾ ਬੁਲਾ ਸਕਿਆ। ਮੈਂ ਵਾਪਿਸ ਆ ਗਿਆ। ਅਤੇ ਹਰ ਕੋਈ ਤਿਆਰੀ ਵਿੱਚ ਸੀ ਅਤੇ ਬਰਫੀਲਾ ਤੂਫਾਨ ਆਉਣ

ਵਾਲਾ ਸੀ ਅਤੇ ਅਖਬਾਰ ਨੇ ਉਸ ਰਾਤ ਆਖਿਆ ਸੀ ਕਿ, “ਕ੍ਲੋਰੇਡੋ ਵਿੱਚ ਵੀਹ ਫੁੱਟ ਦੀ ਉਚਾਈ ਤਕ ਬਰਫ਼ ਡਿੱਗ ਸਕਦੀ ਹੈ।”

123 ਅੱਜ ਰਾਤ ਭਾਈ ਟੋਮ ਸਿੰਮਸਨ ਵੀ ਇੱਥੇ ਹੀ ਕਿਤੇ ਬੈਠੇ ਹੋਏ ਹਨ ਜਾਂ ਉਹਨਾਂ ਨੂੰ ਬੈਠੇ ਹੋਏ ਹੋਣਾ ਚਾਹਿਦਾ ਹੈ। ਉਸ ਸਮੇਂ ਉਹ ਕਨੇਡਾ ਵਿੱਚ ਸਨ, ਉਹ ਸੜਕ ਉੱਤੇ ਸਨ ਅਤੇ ਉਹ ਬਾਈਪਾਸ ਤੋ ਗੁਜਰੇ। ਕਿਹਾ, “ਕ੍ਲੋਰੈਡੋ ਬਾਈਪਾਸ ਉੱਤੇ ਭਿਆਨਕ ਬਰਫੀਲਾ ਤੂਫਾਨ ਆਉਣ ਵਾਲਾ ਹੈ।” ਭਾਈ ਸਿੰਮਸਨ ਕੀ ਤੁਸੀਂ ਇੱਥੇ ਹੋ? ਤੁਸੀਂ ਕਿਥੇ ਹੋ? ਹਾਂ, ਉਹ ਉੱਥੇ ਪਿੱਛੇ ਬੈਠੇ ਹੋਏ ਹਨ। ਅਤੇ ਉਹਨਾਂ ਉਸਨੂੰ ਦਸਿਆ, “ਬਾਈਪਾਸ ਕ੍ਲੋਰੈਡੋ ਉੱਤੇ ਇੱਕ ਵੱਡਾ ਬਰਫੀਲਾ ਤੂਫਾਨ ਆਉਣ ਵਾਲਾ ਹੈ।”

124 ਇਸ ਲਈ ਮੈਂ—ਮੈਂ ਫੋਨ ਉੱਤੇ ਭੈਣ ਨੂੰ ਅਤੇ—ਅਤੇ ਭਾਈ ਇਵੈਨਸ ਨੂੰ ਦੀ ਪਤਨੀ ਨੂੰ ਦੱਸਿਆ। ਮੈਂ ਨਹੀ ਸੋਚਦਾ ਕਿ ਭਾਈ ਇਵੈਨਸ ਅੱਜ ਰਾਤ ਇੱਥੇ ਹਨ, ਜੇ ਉਹ ਹੁਣੇ ਹੀ ਨਾ ਆਏ ਹੋਣ। ਭਾਈ ਇਵੈਨਸ, ਕੀ ਤੁਸੀਂ ਇੱਥੇ ਹੋ? ਮੈਂ ਨਹੀ ਸੋਚਦਾ ਕਿ ਉਹ ਹਾਲੇ, ਇੱਥੇ ਪਹੁੰਚੇ ਹਨ। ਉਹ ਇਸ ਕਨਵੈਨਸ਼ਨ ਵਿੱਚ ਇੱਥੇ ਆਉਣਗੇ। ਮੈਂ ਉਹਨਾਂ ਦੀ ਪਤਨੀ ਨੂੰ ਫੋਨ ਉੱਤੇ ਬੁਲਾਇਆ ਅਤੇ ਆਖਿਆ, “ਮੈਂ ਆਪਣੀ ਪਤਨੀ ਨੂੰ ਫੋਨ ਕੀਤਾ ਸੀ ਪਰ ਮੈਂ ਉਸ ਨਾਲ ਗੱਲ ਨਹੀ ਕਰ ਸਕਿਆ; ਕਿਉਂਕਿ ਉਹ ਬਾਹਰ ਦੁਕਾਨ ਤੇ ਗਈ ਹੋਈ ਹੈ।” ਮੈਂ ਕਿਹਾ, “ਉਸਨੂੰ ਕਹਿਣਾ ਕਿ ਉਹ ਭਾਈ ਟੋਨੀ ਸ੍ਟਾਰਮੀ ਨੂੰ ਕਹੇ।” ਜੋ ਕਿ ਸੇਵਕਾਂ ਦੀ ਸਭਾ ਦੇ ਪ੍ਰਧਾਨ ਹਨ, “ਜੇ ਮੈਂ ਐਤਵਾਰ ਨੂੰ ਉੱਥੇ ਨਾ ਆ ਸਕਾਂ, ਤਾਂ ਉਹ ਕਿਸੇ ਹੋਰ ਬੁਲਾਰੇ ਨੂੰ ਤਿਆਰ ਰੱਖਣ, ਕਿਉਂਕਿ ਹੋ ਸਕਦਾ ਹੈ ਕਿ ਮੈਂ ਇੱਥੋਂ ਕਿਸੇ ਵੀ ਤਰਾਂ ਨਾਲ ਬਾਹਰ ਨਾ ਨਿਕਲ ਸਕਾਂ। ਮੈਂ ਇੱਥੇ ਇਹਨਾਂ ਆਦਮੀਆਂ ਨਾਲ ਹਾਂ।”

125 ਤਦ ਕੀ ਹੋਇਆ?…ਉਸ ਰਾਤ ਬਰਫ਼ ਨਾ ਡਿੱਗੀ। ਅਗਲੀ ਸਵੇਰ ਬੱਦਲ ਅਸਲ ਵਿੱਚ ਬਹੁਤ ਹੌਲੇ ਅਤੇ ਗੁੱਸੇ ਵਿੱਚ ਸਨ। ਮੈਂ ਕਿਹਾ, “ਭਾਇਓ, ਮੈਂ ਇੱਥੇ ਕਈ ਸਾਲ ਪਸ਼ੂਆਂ ਨੂੰ ਚਰਾਇਆ ਹੈ ਅਤੇ ਗਾਇਡ ਦਾ ਕੰਮ ਕੀਤਾ ਹੈ। ਅਤੇ ਜਦੋਂ ਵਰਖਾ ਦੀ ਪਹਿਲੀ ਬੂੰਦ ਡਿੱਗੇ, ਤਾਂ ਤੁਸੀਂ ਜਿਨ੍ਹਾਂ ਜਲਦੀ ਵਾਪਿਸ ਕੈਂਪਾਂ ਵਿੱਚ ਜਾ ਸਕਦੇ ਹੋ, ਚਲੇ ਜਾਣਾ ਕਿਉਂਕਿ ਮੈਂ ਵੇਖਿਆ ਹੈ ਕਿ ਪੰਦਰਾਂ ਮਿੰਟ ਦੇ ਵਿੱਚ ਹੀ ਤੁਸੀਂ ਆਪਣੇ ਹੱਥਾਂ ਨੂੰ ਵੀ ਦੋ ਜਾਂ ਤਿੰਨ ਦਿਨਾਂ ਤਕ ਨਾ ਵੇਖ ਸਕੋਗੇ ਕਿਉਂਕਿ ਇਹ ਬਰ੍ਫੀਲੇ ਤੂਫਾਨ ਦਾ ਸਮਾਂ ਹੈ।” ਅਤੇ ਇਹ ਨੌ ਹਜਾਰ ਫੁੱਟ ਦੀ ਉੱਚਾਈ ਤੱਕ ਚਲੇ ਜਾਂਦੇ ਹਨ। ਅਤੇ ਮੈਂ ਉਹਨਾਂ ਨੂੰ ਆਖਿਆ, “ਜੇ ਤੁਸੀਂ ਇਸ ਬਰਫੀਲੇ ਤੂਫਾਨ ਵਿੱਚ ਫੱਸ ਗਏ ਤਾਂ ਤੁਸੀਂ ਗਵਾਚ ਜਾਓਗੇ ਅਤੇ ਇੱਥੇ ਇਹਨਾਂ ਪਹਾੜਾਂ ਵਿੱਚ ਹੀ ਮਰ ਜਾਓਗੇ। ਹੁਣ ਅਸੀਂ ਬਾਹਰ ਜਾਵਾਂਗੇ…” ਮੈਂ ਸਾਰਿਆਂ ਨੂੰ ਉੱਥੇ ਬਿਠਾ ਕੇ ਪਹਾੜ ‘ਤੇ ਚਲਾ ਗਿਆ। ਅਤੇ ਮੈਂ ਉਹਨਾਂ ਨੂੰ ਆਖਿਆ, “ਹੁਣ ਜੇਕਰ ਮੈਂ…ਵਾਪਿਸ ਨਾ ਆਵਾਂ, ਤਾਂ ਤੁਸੀਂ ਮੇਰੇ ਅੰਦਰ ਆਉਣ ਦੀ ਉਡੀਕ ਨਾ ਕਰਿਓ। ਅਤੇ ਜਿਉਂ ਹੀ ਵਰਖਾ ਦੀ ਪਹਿਲੀ ਬੂੰਦ ਡਿਗਦੀ ਹੈ, ਤੁਸੀਂ ਭੱਜ ਕੇ ਕੈਂਪ ਵਿੱਚ ਵੜ ਜਾਣਾ, ਕਿਉਂਕਿ ਤੁਸੀਂ ਵਾਪਸ ਜਾਣ ਲਈ ਆਪਣਾ ਰਾਹ ਵੀ ਨਹੀ ਲਭ ਸਕੋਗੇ।” ਉਹਨਾਂ ਕਿਹਾ ਕਿ ਉਹ ਅਜਿਹਾ ਹੀ ਕਰਨਗੇ।

126 ਮੈਂ ਉਤਾਂਹ ਚੜ੍ਹ ਗਿਆ। ਉੱਤਰੀ ਅਮਰੀਕਾ ਵਿੱਚ ਪਾਏ ਜਾਣ ਵਾਲੇ ਖਾਸ ਕਿਸਮ ਦੇ ਬਘਿਆੜ ਸਾਰੇ ਪਾਸੇ ਉੱਚੀ—ਉੱਚੀ ਰੌਲਾ ਪਾ ਰਹੇ ਸਨ, ਅਤੇ ਮੈਂ ਜਾਣਦਾ ਸੀ ਕਿ ਮੌਸਮ ਬਦਲਣ ਵਾਲਾ ਹੈ। ਤਦ ਅਚਾਨਕ ਹੀ ਹਵਾ ਦਾ ਜੋਰਦਾਰ ਬੁੱਲ੍ਹਾ ਆਇਆ ਅਤੇ ਗੜਿਆਂ ਵਾਲਾ ਮੀਂਹ ਪੈਣਾ ਸ਼ੁਰੂ ਹੋ ਗਿਆ। ਅਤੇ ਮੈਂ ਕਿਹਾ, “ਮੇਰਾ ਅਨੁਮਾਨ ਹੈ ਕਿ ਉਹ ਸਾਰੇ ਵਾਪਿਸ ਕੈਂਪ ਵਿੱਚ ਚਲੇ ਗਏ ਹਨ।”

127 ਚੰਗਾ ਮੈਂ ਖੜਾ ਹੋ ਕੇ ਚਾਰੇ ਪਾਸੇ ਵੇਖਿਆ। ਮੈਂ ਸੋਚਿਆ, “ਮੈਂ ਚਾਹੁੰਦਾ ਹਾਂ ਕਿ ਵਾਪਿਸ ਜਾਣ ਤੋਂ ਪਹਿਲਾਂ ਉਸ ਹਿਰਨ ਨੂੰ ਜਿਸਨੂੰ ਮੈਂ ਗੋਲੀ ਮਾਰੀ ਸੀ ਲਭ ਲਵਾਂ, ਕਿਉਂਕਿ ਬਰਫ਼ ਉਸਨੂੰ ਢੱਕ ਲਵੇਗੀ ਅਤੇ ਬਸੰਤ ਰੁੱਤ ਦੇ ਆਉਣ ਤੱਕ ਉਹ ਨਹੀ ਲਭੇਗਾ।” ਮੈਂ ਸੋਚਿਆ, “ਮੈਂ ਉਸ ਹਿਰਨ ਦੇ ਸ਼ਿਕਾਰ ਲਈ ਬਹੁਤ ਸਖਤ ਮੇਹਨਤ ਕੀਤੀ ਹੈ।” ਅਤੇ ਇਹ ਪਹਿਲਾ ਅਜਿਹਾ ਹਿਰਨ ਹੈ, ਜਿਸ ਨੂੰ ਮੈਂ ਲਭ ਨਹੀਂ ਸਕਿਆ ਹਾਂ, ਜਦ ਤੋਂ ਮੈਂ ਆਪਣੀ ਛੋਟੀ ਰਾਇਫ਼ਲ ਨੂੰ ਖਰੀਦਿਆ ਹੈ, ਜਿਸ ਨਾਲ ਮੈਂ ਪਚਵੰਜਾ ਸ਼ਿਕਾਰ ਕਰ ਚੁੱਕਾ ਹਾਂ। ਅਤੇ ਮੈਂ ਸੋਚਿਆ, “ਚੰਗਾ, ਹੁਣ, ਮੈਨੂੰ—ਮੈਨੂੰ ਹਿਰਨ ਦਾ ਇਸ ਤਰ੍ਹਾਂ ਦੌੜ ਜਾਣਾ ਚੰਗਾ ਨਹੀ ਲੱਗਾ।”

128 ਅਤੇ ਬੱਸ ਇੱਕ ਪਲ ਵਿੱਚ ਹੀ, ਬਰਫ਼ ਦੇ ਵੱਡੇ ਵੱਡੇ ਗੋਲ੍ਹੇ ਡਿਗਣ ਲੱਗ ਪਏ, ਵੇਖਣ ਨੂੰ ਪਾਈਆ ਪਾਈਆ ਦੇ ਲੱਗਦੇ ਸਨ ਜੋ ਹਰ ਜਗ੍ਹਾ ਪੈ ਰਹੇ ਸਨ ਅਤੇ ਹਵਾ ਵਗਣੀ ਸ਼ੁਰੂ ਹੋ ਗਈ ਅਤੇ ਮੈਂ ਬੜੀ ਮੁਸ਼ਕਿਲ ਨਾਲ ਵੇਖ ਸਕਿਆ ਕਿ ਕਿਵੇਂ ਇਸ ਪਹਾੜੀ ਦੀ ਚੋਟੀ ਉੱਤੋਂ ਉੱਤਰਾਂ। ਅਤੇ ਮੈਂ ਪਹਾੜੀ ਦੀ ਉੱਤਲੀ ਰੇਖਾ ਉੱਤੇ ਠਹਿਰਨਾ ਜਾਣਦਾ ਸੀ। ਅਤੇ ਜੇਕਰ ਮੈਂ ਹੇਠਾਂ ਜਾਵਾਂ ਅਤੇ ਤੰਗ ਖਾੜੀ ਨਾਲ ਜਾ ਟਕਰਾਵਾਂ ਮੈਨੂੰ ਉਸ ਤੰਗ ਖਾੜੀ ਵਿਚੋਂ ਉਦੋਂ ਤੱਕ ਹੇਠਾਂ ਤੱਕ ਜਾਣਾ ਪੈਣਾ ਸੀ ਜਦੋਂ ਤੱਕ ਕਿ ਮੈਂ ਉਸ ਛੋਟੇ ਜਿਹੇ ਪੁਲ ਨਾਲ ਨਾ ਟਕਰਾ ਜਾਵਾਂ, ਤਦ ਮੈਂ ਮਹਿਸੂਸ ਕਰ ਸਕਦਾ ਹਾਂ ਕਿ ਉਸੇ ਰਸਤੇ ਉੱਤੇ ਹਾਂ ਜਿੱਥੇ ਕੈਂਪ ਹੈ। ਸਿਰਫ ਇਹੋ ਹੀ ਇੱਕ ਰਾਹ ਹੈ ਕਿ ਤੁਸੀਂ ਬਾਹਰ ਜਾ ਸਕੋ। ਅਤੇ ਇਸ ਲਈ ਮੈਂ ਸੋਚਿਆ, “ਜੇ ਕਿਤੇ ਮੈਂ ਕੋਈ ਥੋੜਾ ਜਿਹਾ ਵੀ ਇਧਰ ਉਧਰ ਗਿਆ ਬਸ ਫਿਰ ਤੁਸੀਂ ਕਦੇ ਵੀ ਨਹੀ ਲਭੋਗੇ, ਇਸ ਲਈ ਤੁਸੀਂ ਉਥੇ ਹੀ ਮਰ ਜੋਗੇ।”

129 ਇਸ ਲਈ ਮੈਂ ਉਸ ਪਹਾੜ ਤੋਂ ਹੇਠਾਂ ਉਤਰਨਾ ਸ਼ੁਰੂ ਕੀਤਾ ਅਤੇ ਮੈਂ ਉਸ ਪਹਾੜੀ ਤੋਂ ਜਿਥੇ ਮੈਂ ਸੀ, ਲਗਭਗ ਤਿੰਨ ਜਾਂ ਚਾਰ ਸੌ ਗਜ ਹੇਠਾਂ ਉੱਤਰ ਆਇਆ।

130 ਹੁਣ, ਇਹ ਗੱਲ ਬੜੀ ਅਜੀਬ ਲੱਗਦੀ ਹੈ। ਪ੍ਰੰਤੂ ਇੱਥੇ ਮੇਰੇ ਸਾਹਮਣੇ ਬਾਈਬਲ ਪਈ ਹੋਈ ਹੈ, ਅਤੇ ਮੇਰੀਆਂ ਸਾਰੀਆਂ ਗੱਲਾਂ ਸਵਰਗੀ ਪਿਤਾ ਰਿਕਾਡ ਕਰ ਰਿਹਾ ਹੈ। ਉਸ ਸਮੇਂ ਲਗਭਗ, ਮੈਂ ਦੌੜ ਰਿਹਾ ਸੀ, ਅਤੇ ਉੱਥੋਂ ਨਿਕਲਣ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਹਨੇਰੀ ਬਹੁਤ ਜੋਰ ਨਾਲ ਚਲ ਰਹੀ ਸੀ। ਅਤੇ ਉਹਨ੍ਹਾਂ ਝਾੜੀਆਂ ਵਿੱਚ, ਮੈਂ ਆਪਣੇ ਸਾਮਨੇ ਲਗਭਗ, ਵੀਹ ਫੁੱਟ ਦੀ ਦੂਰੀ ਤਕ ਹੀ ਵੇਖ ਸਕਦਾ ਸੀ, ਅਤੇ ਮੈਂ ਖੜੇ ਰੁੱਖਾਂ ਦੇ ਵਿੱਚ ਸੀ ਅਤੇ ਹਵਾ ਬਹੁਤ ਹੀ ਜੋਰ ਨਾਲ ਚਲ ਰਹੀ ਸੀ। ਅਤੇ ਇੱਕ ਅਵਾਜ਼ ਨੇ ਮੈਨੂੰ ਕਿਹਾ, “ਰੁੱਕ ਜਾਹ! ਤੂੰ ਜਿਥੋਂ ਆਇਆ ਹੈਂ ਉਥੇ ਹੀ ਵਾਪਿਸ ਚਲਾ ਜਾਹ।”

131 ਚੰਗਾ, ਮੈਂ ਰੁੱਕ ਗਿਆ। ਮੈਂ ਸੋਚਿਆ, “ਹੋ ਸਕਦਾ ਹੈ ਕੀ ਇਹ ਹਨੇਰੀ ਦੀ ਅਵਾਜ਼ ਹੋਵੇ। ਮੈਂ ਅਜਿਹਾ ਕੁਝ ਵੀ ਨਹੀ ਸੋਚ ਰਿਹਾ।” ਅਤੇ ਮੈਂ ਇੱਕ ਪਲ ਇੰਤਜ਼ਾਰ ਕੀਤਾ।

132 ਉਹਨ੍ਹਾਂ ਵਿਚੋਂ ਇੱਕ ਮੁੰਡੇ ਨੇ ਮੇਰੇ ਲਈ ਇਕ ਸੈਂਡਵਿਚ ਦਾ ਪ੍ਰਬੰਧ ਕੀਤਾ ਹੋਇਆ ਸੀ ਮੈਂ ਉਸਨੂੰ ਬਾਹਰ ਕਢਿਆ ਅਤੇ ਇਹ ਅਸਲ ਵਿਚ ਬਹੁਤ ਹੀ ਵਧੀਆ ਸੈਂਡਵਿਚ ਸੀ ਅਤੇ ਮੈਂ ਵਰਖਾ ਅਤੇ ਪਸੀਨੇ ਨਾਲ ਭਿੱਜ ਰਿਹਾ ਸੀ, ਇਹ ਸੈਂਡਵਿਚ, ਬ੍ਰੈਡ ਦੇ ਵੱਡੇ ਸਾਰੇ ਪੀਸ ਦੇ ਵਿੱਚ ਥੋੜਾ ਜਿਹਾ ਮੀਟ ਭਰ ਕੇ ਬਣਾਇਆ ਹੋਇਆ ਸੀ। ਮੈਨੂੰ ਭੁੱਖ ਲੱਗੀ ਹੋਈ ਸੀ, ਇਸ ਲਈ ਮੈਂ ਕਿਸੇ ਨਾ ਕਿਸੇ ਤਰਾਂ ਉਸਨੂੰ ਖਾ ਲਿਆ। ਅਤੇ ਮੈਂ ਉੱਥੇ ਖੜਾ ਸੀ। ਅਤੇ ਮੈਂ ਸੈਂਡਵਿਚ ਉੱਤੇ ਲਪੇਟੇ ਹੋਏ ਛੋਟੇ ਕਾਗਜ ਦੇ ਟੁਕੜੇ ਨੂੰ ਉੱਥੇ ਹੀ ਮਿੱਟੀ ਵਿੱਚ ਦੱਬ ਦਿੱਤਾ, ਕਿਉਂਕਿ ਜੇ ਕੋਈ ਜਾਨਵਰ ਅਜਿਹੀਆਂ ਚੀਜਾਂ ਨੂੰ ਦੇਖ ਲੇਵੇ ਜਾਂ ਕੋਈ ਵੀ ਚੀਜ ਜੋ ਵੀ ਹੋਵੇ, ਤਾਂ ਉਹ ਉਹਨ੍ਹਾਂ ਨੂੰ ਪ੍ਰਾਪਤ ਕਰਨ ਲਈ ਪਿੱਛੇ ਦੌੜਦੇ ਹਨ।

133 ਇਸ ਲਈ ਮੈਂ ਥੋੜਾ ਚਿਰ ਉੱਥੇ ਖਲੋਤਾ ਰਿਹਾ ਅਤੇ ਮੈਂ ਸੋਚਿਆ, “ਚੰਗਾ, ਹੁਣ ਮੈਂ ਅਗਾਹਾਂ ਵਧਾਂਗਾ।”

134 ਮੈਂ ਅਗਾਹਾਂ ਵਧਣਾ ਸ਼ੁਰੂ ਕਰ ਦਿਤਾ। ਅਤੇ ਜਿਨ੍ਹੀ ਸਪਸ਼ਟ ਅਵਾਜ਼ ਤੁਸੀਂ ਮੇਰੀ ਸੁਣਦੇ ਹੋ, ਉਸੇ ਤਰ੍ਹਾਂ ਹੀ ਸਪਸ਼ਟ ਅਵਾਜ਼ ਨਾਲ ਕਿਸੇ ਨੇ ਮੈਨੂੰ ਕਿਹਾ, “ਮੁੜ ਜਾਹ, ਅਤੇ ਜਿਥੋਂ ਤੂੰ ਆਇਆ ਹੈਂ ਉਥੇ ਹੀ ਵਾਪਿਸ ਚਲਾ ਜਾਹ।”

135 “ਪ੍ਰਮੇਸ਼ਵਰ ਕਿਵੇਂ ਮੈਨੂੰ ਮੌਤ ਦੇ ਫੰਦੇ ਵਿੱਚ ਜਾਣ ਲਈ ਕਹਿ ਸਕਦਾ ਹੈ?” ਮੈਂ ਉਥੇ ਥੋੜੀ ਦੇਰ ਖੜਾ ਰਿਹਾ ਅਤੇ ਮੈਂ ਸੋਚਿਆ, “ਇਹ ਤਾਂ ਉਹੋ ਹੀ ਅਵਾਜ਼ ਹੈ ਜਿਸਨੇ ਮੈਨੂੰ ਉਹਨਾਂ ਗਿਲਹਰੀਆਂ ਬਾਰੇ ਕਿਹਾ ਸੀ।”

136 ਇਹ ਉਹੀ ਇੱਕ ਅਵਾਜ਼ ਸੀ, ਜਿਸਦੇ ਬਾਰੇ ਮੈਂ ਤੁਹਾਨੂੰ ਬੀਤੀ ਰਾਤ ਦੱਸਿਆ ਸੀ ਕਿ ਇਸੇ ਹੀ ਅਵਾਜ਼ ਨੇ ਮੈਨੂੰ ਮੇਰੀ ਪਤਨੀ ਦੇ ਬਾਰੇ ਵਿੱਚ ਦੱਸਿਆ ਸੀ, ਇਹ ਬਿਲਕੁਲ ਮਨੁੱਖ ਦੀ ਅਵਾਜ਼ ਵਰਗੀ ਹੀ ਸੀ। ਇਸੇ ਹੀ ਅਵਾਜ਼ ਨੇ ਜਦੋਂ ਮੈਂ ਛੋਟਾ ਮੁੰਡਾ ਸੀ ਤਾਂ ਮੈਨੂੰ ਕਿਹਾ, “ਕਦੇ ਵੀ ਸ਼ਰਾਬ, ਸਿਗਰਟ ਨਾ ਪੀਵੀਂ” ਅਤੇ ਇਹ ਸਭ ਘਟਨਾਵਾਂ ਅੰਤ ਦੇ ਦਿਨਾਂ ਵਿੱਚ ਹੋਣਗੀਆਂ। ਪ੍ਰਮੇਸ਼ਵਰ, ਇਹਨਾਂ ਸਾਰੀਆਂ ਗੱਲਾਂ ਨੂੰ ਦਸਦੇ ਹੋਏ ਬਾਈਬਲ ਮੇਰੇ ਹਿਰਦੇ ਉੱਤੇ ਹੈ ਅਤੇ ਇਸ ਨਾਲ ਮੈਨੂ ਕੀ ਲਾਭ ਹੋਵੇਗਾ ਕਿ ਮੈਂ ਤੁਹਾਨੂੰ ਕੁਝ ਗਲਤ ਦੱਸਾਂ ਅਤੇ ਮੈਂ ਜਾਣਦਾ ਹਾਂ ਕਿ ਅਜਿਹਾ ਕਰਨ ਨਾਲ ਮੈਂ ਆਪਣੇ ਪ੍ਰਾਣ ਨਰਕ ਵਿੱਚ ਭੇਜ ਰਿਹਾ ਹਾਂ? ਸਮਝੇ? ਇਹ ਸਚ੍ਚ ਹੈ। ਇਹ ਅਸਾਧਾਰਨ ਹੈ, ਪਰ ਇਹ ਸਚ ਹੈ।

137 “ਚੰਗਾ,” ਮੈਂ ਸੋਚਿਆ, “ਮੈਂ ਉਸਦੀ ਅਵਾਜ਼ ਦੀ ਆਗਿਆਕਾਰੀ ਕਰਨਾ ਚੰਗੀ ਤਰ੍ਹਾਂ ਜਾਣਦਾ ਹਾਂ। ਕਿਉਂ ਮੈਂ...ਉੱਥੇ ਉਤਾਂਹ ਭੇਜਣ ਲਈ ਜਰੂਰ ਹੀ ਪ੍ਰਮੇਸ਼ਵਰ ਦਾ ਕੋਈ ਕਾਰਨ ਹੈ। ਹੋ ਸਕਦਾ ਹੈ ਕਿ ਇਹ ਮੇਰੇ ਇਥੋਂ ਚਲੇ ਜਾਣ ਦਾ ਸਮਾਂ ਹੋਵੇ।”

138 ਇਸ ਲਈ ਮੈਂ ਮੁੜਿਆ ਅਤੇ ਜੰਗਲ ਵਿਚੋਂ ਦੀ ਲੰਘਦਾ ਹੋਇਆ ਉਸ ਪਹਾੜੀ ਉੱਤੇ ਉਦੋਂ ਤੱਕ ਤੁਰਦਾ ਰਿਹਾ ਜਦੋਂ ਤੱਕ ਕਿ ਮੈਂ ਉਸਦੀ ਚੋਟੀ ਤੱਕ ਨਾ ਪਹੁੰਚ ਗਿਆ, ਹੋ ਸਕਦਾ ਹੈ ਕਿ ਮੈਂ ਉਸ ਪਹਾੜੀ ਉੱਤੇ ਲਗਭਗ ਤਿੰਨ ਜਾਂ ਚਾਰ ਸੌ ਗਜ ਤੱਕ ਸਿਧਾ ਹੀ ਤੁਰਦਾ ਰਿਹਾ। ਅਤੇ ਉੱਥੇ ਬਰ੍ਫ਼ੀਲਾ ਤੁਫਾਨ ਇੰਨਾ ਕੁ ਸੰਘਣਾ ਸੀ ਕਿ ਮੈਂ ਕੁਝ ਵੀ ਨਾ ਦੇਖ ਸਕਿਆ ਅਤੇ ਰੁੱਖ ਬੜੇ ਜੋਰ ਜੋਰ ਨਾਲ ਲਹਿਰਾ ਰਹੇ ਸਨ।

139 ਅਤੇ ਮੈਂ ਆਪਣੀ ਬੰਦੂਕ ਚੁੱਕ ਲਈ, ਉਸ ਸਮੇਂ ਮੈਂ ਲਾਲ ਰੰਗ ਦੀ ਕਮੀਜ ਅਤੇ ਲਾਲ ਰੰਗ ਦੀ ਹੀ ਟੋਪੀ ਪਾਈ ਹੋਈ ਸੀ, ਅਤੇ ਮੈਂ ਬੰਦੂਕ ਨੂੰ ਇਸ ਤਰਾਂ ਚੁੱਕਿਆ ਹੋਇਆ ਸੀ ਤਾਂ ਕਿ ਧੁੰਏ ਦੀ ਗੁੰਜਾਇਸ਼ ਨਾ ਰਹੇ, ਕਿਉਂਕਿ ਭਾਲੂ ਅਤੇ ਦੂਸਰੇ ਜੰਗਲੀ ਜਾਨਵਰ ਅਤੇ ਇੱਥੋਂ ਤੱਕ ਕਿ ਸ਼ੇਰ ਵੀ ਇਸ ਤਰਾਂ ਦੇ ਸਮੇਂ ਵਿੱਚ ਘੁੰਮਦੇ ਹਨ। ਅਤੇ ਜੇ ਮੈਂ ਕਿਸੇ ਇੱਕ ਜਾਨਵਰ ਦੇ ਪਿਛੇ ਦੌੜਦਾ ਹਾਂ ਤਾਂ ਧੁੰਏ ਦੇ ਫੈਲਣ ਦੀ ਸੰਭਾਵਨਾ ਵਧ ਜਾਂਦੀ ਹੈ। ਅਤੇ ਮੈਂ ਬਸ ਬੰਦੂਕ ਨੂੰ ਇਸ ਹੇਠਾਂ ਨੂੰ ਕਰ ਰੱਖਿਆ ਤਾਂ ਕਿ ਉਸ ਵਿਚੋਂ ਧੁੰਆ ਹੇਠਾਂ ਨੂੰ ਹੀ ਨਿਕਲੇ ਅਤੇ ਇਸਨੂੰ ਧੁੰਦ ਅਤੇ ਬਰਫ਼ ਦੀ ਨਮੀ ਤੋਂ ਵੀ ਬਚਾਇਆ ਜਾ ਸਕੇ। ਅਤੇ ਫਿਰ ਮੈਂ ਰੁੱਖ ਦੇ ਹੇਠ ਬੈਠ ਗਿਆ।

140 ਮੈਂ ਉੱਥੇ ਬੈਠਾ ਹੋਇਆ ਸੀ। ਮੈਂ ਸੋਚਿਆ, “ਭਲਾ ਉਹ ਮੈਨੂੰ ਇੱਥੇ ਉਤਾਂਹ ਕਿਉਂ ਬੁਲਾਉਣਾ ਚਾਹੁੰਦਾ ਸੀ? ਮੈਂ...ਮੈਨੂੰ ਬਹੁਤ ਹੀ ਸ਼ੱਕ ਹੋ ਰਿਹਾ ਸੀ ਕਿ ਮੈਂ ਹੁਣ ਹੇਠਾਂ ਜਾਣ ਨੂੰ ਆਪਣਾ ਰਾਹ ਨਹੀ ਲਭ ਸਕਾਂਗਾ...ਮੈਂ ਬਹੁਤ ਭੈਭੀਤ ਹੋ ਰਿਹਾ ਸੀ।” ਮੈਂ ਲੱਗਭੱਗ ਪੰਜ ਜਾਂ ਦੱਸ ਫੁਟ ਦੀ ਦੂਰੀ ਤੱਕ ਹੀ ਵੇਖ ਸਕਦਾ ਸੀ ਅਤੇ ਕਦੀ ਕਦੀ ਤਾਂ ਸਿਰਫ ਪੰਜ ਫੁੱਟ ਦੀ ਦੂਰੀ ਤੱਕ

ਹੀ ਮੈਨੂੰ ਨਜਰ ਨਹੀ ਆਉਂਦਾ ਸੀ ਅਤੇ ਹਰ ਵਾਰੀ ਧੁੰਦਲਾ ਜਿਹਾ ਹੀ ਨਜਰ ਆਉਂਦਾ ਸੀ। ਚੰਗਾ, ਮੈਂ—ਮੈਂ ਸੋਚਿਆ, "ਠੀਕ ਹੈ, ਉਸ ਨੇ ਮੈਨੂੰ ਵਾਪਿਸ ਆਉਣ ਦੇ ਲਈ ਕਿਹਾ ਸੀ। ਅਤੇ ਜੋ ਮੈਂ ਕਰਨਾ ਜਾਣਦਾ ਹਾਂ, ਉਹ ਇਹੋ ਹੀ ਹੈ ਕਿ ਮੈਂ ਇੱਥੇ ਹੀ ਬੈਠਾ ਰਹਾਂ।" ਅਤੇ ਤਦ ਤੱਕ ਲਗਭਗ ਵੀਹ ਜਾਂ ਤੀਹ ਮਿੰਟ ਤੱਕ ਬਰਫ਼ ਪੈਂਦੀ ਨੂੰ ਹੋ ਗਏ ਸਨ ਅਤੇ ਜਮੀਨ ਉੱਤੇ ਲਗਭੱਗ ਇੱਕ ਜਾਂ ਡੇੜ ਇੰਚ ਸ਼ਾਇਦ ਦੋ ਇੰਚ ਬਰਫ਼ ਜੰਮ ਗਈ ਸੀ। ਅਤੇ ਬਰਫੀਲਾ ਤੂਫਾਨ ਇੰਨੇ ਕੁ ਜੋਰ ਨਾਲ ਚਲ ਰਿਹਾ ਸੀ ਕਿ ਤੂਫਾਨ ਨਾਲ ਬਰਫ਼ ਵੀ ਉਡਦੀ ਜਾਂਦੀ ਸੀ। ਅਤੇ ਮੈਂ ਬਸ ਕੁਝ ਦੇਰ ਤੱਕ ਉਥੇ ਬੈਠਾ ਰਿਹਾ।

141 ਮੈਂ ਇੱਕ ਅਵਾਜ਼ ਸੁਣੀ। ਉਸਨੇ ਕਿਹਾ, "ਮੈਂ ਸਵਰਗ ਦਾ ਪ੍ਰਮੇਸ਼ਵਰ ਹਾਂ, ਜਿਸਨੇ ਆਕਾਸ਼ ਅਤੇ ਧਰਤੀ ਦੀ ਰਚਨਾ ਕੀਤੀ ਹੈ।"

142 ਮੈਂ ਆਪਣੀ ਟੋਪੀ ਲਾਹ ਲਈ ਅਤੇ ਸ਼ਾਂਤ ਬੈਠਾ ਰਿਹਾ। ਅਤੇ ਮੈਂ ਦੁਬਾਰਾ ਉਸੇ ਅਵਾਜ਼ ਨੂੰ ਸੁਣਿਆ। ਮੈਂ ਸੋਚਿਆ, "ਇਹ ਹਵਾ ਨਹੀ ਸੀ।" ਔਹ, ਹਵਾ ਚਲ ਰਹੀ ਸੀ ਅਤੇ ਸ਼ੋਰ ਮਚਾ ਰਹੀ ਸੀ।

143 ਮੈਂ ਉਹ ਅਵਾਜ਼ ਫਿਰ ਸੁਣੀ। ਉਸਨੇ ਕਿਹਾ, "ਮੈਂ ਉਹ ਹਾਂ ਜੋ ਵਿਸ਼ਾਲ ਸਮੁੰਦਰ ਵਿੱਚ ਉਠਣ ਵਾਲੇ ਤੂਫਾਨ ਨੂੰ ਸ਼ਾਂਤ ਕਰਦਾ ਹਾਂ। ਮੈਂ ਹੀ ਰਚਨਹਾਰਾ ਹਾਂ। ਮੈਂ ਹੀ ਤੇਰੇ ਸਾਮਣੇ ਗਲੈਹਰੀਆਂ ਦੀ ਸ੍ਰਿਸ਼ਟੀ ਕੀਤੀ ਸੀ। ਮੈਂ ਹੀ ਇਹ ਸਭ ਕੀਤਾ ਸੀ।"

ਮੈਂ ਆਖਿਆ, "ਹਾਂ, ਪ੍ਰਭੂ ਮੈਂ ਵਿਸ਼ਵਾਸ਼ ਕਰਦਾ ਹਾਂ।"

144 ਉਸਨੇ ਮੈਨੂੰ ਕਿਹਾ, "ਆਪਣੇ ਪੈਰਾਂ ਉੱਤੇ ਖੜਾ ਹੋ ਜਾ।" ਮੈਂ ਆਪਣੇ ਪੈਰਾਂ ਉੱਤੇ ਖੜਾ ਹੋ ਗਿਆ। ਉਸਨੇ ਕਿਹਾ, "ਹੁਣ ਤੂੰ ਇਸ ਤੂਫਾਨ ਨੂੰ ਕਹਿ। ਅਤੇ ਜੋ ਕੁਝ ਵੀ ਤੂੰ ਇਸ ਤੂਫਾਨ ਨੂੰ ਕਰਨ ਲਈ ਕਹੇਂਗਾ, ਇਹ ਉਹੋ ਹੀ ਕਰੇਗਾ।"

145 ਹੁਣ, ਇਹ ਸਚ ਹੈ। ਜਦੋਂ ਮੈਂ ਨਿਆਂ ਦੇ ਸਾਮਨੇ ਤੁਹਾਨੂੰ ਮਿਲਾਂਗਾ ਤਾਂ ਮੈਨੂੰ ਇਹਨਾਂ ਸਾਰੀਆਂ ਗੱਲਾਂ ਦਾ ਲੇਖਾ ਦੇਣਾ ਪਵੇਗਾ। ਮੈਂ ਸੋਚਿਆ ਉਹ...

146 ਮੈਂ ਕਿਹਾ, "ਤੂਫਾਨ, ਰੁਕ ਜਾਹ। ਆਪਣੇ ਸਥਾਨ ਨੂੰ ਵਾਪਿਸ ਚਲਾ ਜਾਹ ਅਤੇ ਸੂਰਜ ਤੂੰ ਚਾਰ ਦਿਨਾਂ ਤੱਕ ਸਧਾਰਨ ਰੂਪ ਨਾਲ ਚਮਕਦਾ ਰਹਿ।"

147 ਅਤੇ ਮੈਂ ਕਹਿੰਦਿਆਂ ਸਾਰ ਹੀ ਬਰਫ਼ ਵਾਲੀ ਬਾਰਿਸ਼ ਅਤੇ ਗੜੇ ਜੋ ਮੈਨੂੰ ਹੀ ਉਡਾਉਣ ਵਾਲੇ ਸਨ, ਰੁੱਕ ਗਏ। ਅਤੇ ਇੱਕ ਜਾਂ ਦੋ ਮਿੰਟਾਂ ਵਿੱਚ ਹੀ ਸੂਰਜ ਠੀਕ ਮੇਰੇ ਉੱਤੇ ਚਮਕ ਰਿਹਾ ਸੀ। ਅਤੇ ਮੈਂ ਪਹਾੜਾਂ ਵਿਚੋਂ ਦੀ ਹੇਠਾਂ ਨੂੰ ਵੇਖਿਆ ਤਾਂ ਪੂਰਬ ਦੀ ਹਵਾ ਨੂੰ ਆਉਂਦੇ ਹੋਏ ਵੇਖਿਆ। ਹਵਾ ਪਛਮ ਵਲੋਂ ਆ ਰਹੀ ਸੀ। ਪੂਰਬੀ ਹਵਾ ਚਲ ਰਹੀ ਸੀ ਅਤੇ ਉਹ ਇਸ ਤਰਾਂ ਨਾਲ ਆ ਰਹੀ ਸੀ। ਮੈਂ ਉਹਨਾਂ ਬਦਲਾਂ ਨੂੰ ਭੇਦ ਭਰੇ ਢੰਗ ਨਾਲ ਜਾਂਦੇ ਹੋਏ ਦੇਖ ਸਕਦਾ ਸੀ... ਮੈਂ ਨਹੀ ਜਾਣਦਾ ਕਿ ਉਹ ਕਿਥੇ ਚਲੇ ਗਏ।

148 ਮੈਂ ਕੁਝ ਦੇਰ ਉੱਥੇ ਹੀ ਖੜਾ ਰਿਹਾ, ਅੱਥਰੂ ਮੇਰੀ ਚਿੱਟੀ ਦਾੜੀ ਉੱਤੋਂ ਦੀ ਵਹਿ ਰਹੇ ਸਨ। ਮੈਂ ਸੋਚਿਆ, "ਪ੍ਰਮੇਸ਼ਵਰ ਇਹ ਕਿਵੇਂ ਹੋਇਆ, ਮੈਂ ਨਹੀ ਜਾਣਦਾ ਹਾਂ ਕਿ ਕੀ ਕਰਾਂ।"

149 ਮੈਂ ਸੋਚਿਆ, "ਠੀਕ ਹੈ ਮੈਂ ਸੀ...ਮੇਰਾ ਅੰਦਾਜਾ ਹੈ ਕਿ ਮੇਰੇ ਭਾਈ ਤੰਬੂ ਵਿੱਚ ਹੀ ਹੋਣਗੇ। ਅਤੇ ਸੂਰਜ ਹਰੇਕ ਥਾਂ ਚਮਕ ਰਿਹਾ ਸੀ।"

150 ਮੈਂ ਪਹਾੜੀ ਤੋਂ ਹੇਠਾਂ ਉਤਰਨਾ ਸ਼ੁਰੂ ਕੀਤਾ। ਚਮਕਦੇ ਹੋਏ ਸੂਰਜ ਦੀ ਗਰਮੀ ਨਾਲ ਬਰਫ਼ ਪਿਘਲਣ ਲੱਗ ਪਈ ਸੀ, ਅਤੇ ਮੇਰੀ ਕਮੀਜ ਵਿੱਚੋਂ ਭਾਫ ਨਿੱਕਲ ਰਹੀ ਸੀ। ਸਿਰਫ ਇੱਕ ਜਾਂ ਦੋ ਮਿੰਟਾਂ ਦੇ ਅੰਤਰ ਤੋਂ ਬਾਅਦ ਹੀ। ਅਤੇ ਮੈਂ ਪਹਾੜੀ ਤੋਂ ਹੇਠਾਂ ਉਤਰਨਾ ਸ਼ੁਰੂ ਕੀਤਾ। ਅਤੇ ਜਦੋਂ ਮੈਂ ਅਜਿਹਾ ਕੀਤਾ, ਮੈਂ ਕਿਹਾ...

ਮੈਂ ਇੱਕ ਅਵਾਜ਼ ਇਹ ਆਖਦੇ ਸੁਣੀ, “ਤੂੰ ਮੇਰੇ ਨਾਲ ਕਿਉਂ ਨਹੀ ਤੁਰਦਾ?”

151 ਮੈਂ ਕਿਹਾ, “ਪ੍ਰਭੂ, ਇਹ ਮੇਰੇ ਬਹੁਤ ਭਾਗਾਂ ਵਾਲੀ ਗੱਲ ਹੈ।” ਮੈਂ ਪਿਛੇ ਮੁੜਿਆ ਅਤੇ ਹਿਰਨਾਂ ਦੇ ਦੌੜਨ ਵਾਲੇ ਰਾਹ ਉਤੇ ਤੁਰਦਾ ਹੋਇਆ, ਉਸ ਵਰਜਨ ਜੰਗਲ ਵਿੱਚੋਂ ਦੀ ਗੁਜਰਦਾ ਹੋਇਆ ਪਿਛਾਂਹ ਜਾਣ ਲੱਗਾ।

152 ਅਤੇ ਮੈਂ ਸੋਚਿਆ, “ਠੀਕ ਹੈ ਮੈਂ ਤਦ ਤੱਕ ਚਲਦਾ ਰਹਾਂਗਾ ਜਦੋਂ ਤੱਕ ਕਿ ਮੈਂ ਉਸ ਸਥਾਨ ਤੇ ਨਾ ਪਹੁੰਚ ਜਾਵਾਂ ਜਿਥੇ ਮੈਂ ਸਦਾ ਹੀ ਆਪਣੀ ਪਤਨੀ ਮੈਡਾ ਨੂੰ ਪਿਆਰ ਭਰਿਆ ਸਲਾਮ ਕਰਦਾ ਹਾਂ।” ਅਤੇ ਮੈਂ ਉਸ ਜੰਗਲ ਵਿੱਚ ਇੱਕਲਾ ਹੀ ਤੁਰਦਾ ਜਾ ਰਿਹਾ ਸੀ, ਲਗਭੱਗ ਅੱਧੇ ਜਾਂ ਪੌਣੇ ਘੰਟੇ ਦੇ ਬਾਅਦ ਬਰਫ਼ ਪੂਰੀ ਤਰਾਂ ਨਾਲ ਪਿਗਲ ਕੇ ਖਤਮ ਹੋ ਚੁੱਕੀ ਸੀ।

153 ਅਤੇ ਮੈਂ ਸੋਚਣਾ ਸ਼ੁਰੂ ਕੀਤਾ, “ਮੈਨੂੰ ਹੈਰਾਨੀ ਹੈ ਕਿ ਮੇਰੀ ਪਤਨੀ ਨੇ ਜਾਣ ਦੇ ਬਾਰੇ ਮੈਨੂੰ ਕਿਉਂ ਕੁਝ ਨਹੀ ਦਸਿਆ।” ਮੈਂ ਕਿਹਾ, “ਮੈਨੂੰ ਯਾਦ ਹੈ ਕਿ ਜਦੋਂ ਸਾਡਾ ਵਿਆਹ ਹੋਇਆ ਸੀ, ਅਤੇ ਮੈਂ ਪਹਿਲੀ ਵਾਰ ਉਸਨੂੰ ਇੱਥੇ ਲੈ ਕੇ ਆਇਆ ਸੀ, ਅਤੇ ਮੈਂ ਉਸਨੂੰ ਇਹਨਾਂ ਲਕੜੀਆਂ ਦੇ ਮੋਛਿਆਂ ਉੱਪਰ ਤੱਕ ਲੈ ਕੇ ਆਇਆ ਸੀ।” ਮੈਂ ਆਖਿਆ, “ਹੁਣ ਤਾਂ ਉਹ ਬੁੱਡੀ ਹੋ ਗਈ ਹੈ।”

154 ਮੈਂ ਕਿਹਾ, “ਉਮ੍ਮ!” ਚਿੱਟੀ ਦਾੜੀ, ਜਾਂ ਕਾਲੇ ਚਿੱਟੇ ਰੰਗ ਦੇ ਰਲੇ ਮਿਲੇ ਵਾਲ ਮੇਰੇ ਚਿਹਰੇ ਉੱਤੇ ਹਨ। ਮੈਂ ਸੋਚਿਆ, “ਬਿਲ, ਤੂੰ ਜਿਆਦਾ ਸਮੇਂ ਇੱਥੇ ਨਹੀ ਹੈਂ, ਤੂੰ ਬੁਢਾ ਹੋ ਰਿਹਾ ਹੈਂ।”

155 ਅਤੇ ਮੈਂ ਅਗਾਂਹ ਵਧਣਾ ਸ਼ੁਰੂ ਕੀਤਾ। ਅਤੇ ਮੈਂ ਉੱਪਰ ਵੇਖਿਆ, ਅਤੇ ਜਦੋਂ ਮੈਂ ਉਤਾਂਹ ਨੂੰ ਵੇਖਿਆ, ਤਾਂ ਮੈਨੂੰ ਅਜਿਹਾ ਜਾਪਿਆ ਕਿ ਮੈਂ ਆਪਣੀ ਪਤਨੀ ਨੂੰ ਆਪਣੇ ਸਾਹਮਣੇ, ਬਾਹਾਂ ਫੈਲਾਏ ਖੜੀ ਵੇਖ ਰਿਹਾ ਹਾਂ, ਅਤੇ ਉਸਦੇ ਵਾਲ ਅਜੇ ਵੀ ਕਾਲੇ ਸਨ।

156 ਮੈਂ ਆਪਣਾ ਸਿਰ ਝੁਕਾਇਆ। ਮੈਂ ਉਸ ਛੋਟੇ ਸਥਾਨ ਵੱਲ ਨੂੰ ਵਧਣ ਲੱਗ ਪਿਆ ਜਿਥੇ ਲਹਿਰਾਉਂਦੇ ਹੋਏ ਐਸਪਸ ਦੇ ਰੁੱਖ ਹਨ। ਅਤੇ ਉਹਨਾਂ ਵਿੱਚ ਇੱਕ ਹੁੱਕ ਵਾਲੀ ਲਾਠੀ ਸੀ... ਅਤੇ ਮੈਂ ਆਪਣੇ ਸਿਰ ਨੂੰ ਉਸਦੀ ਇੱਕ ਟਹਿਣੀ ਨਾਲ ਇਸ ਤਰਾਂ ਟਿਕਾ ਲਿਆ। ਅਤੇ ਮੈ ਉੱਥੇ ਖੜਾ ਸੀ ਅਤੇ ਮੈਂ “ਟਪ, ਟਪ, ਟਪ” ਦੀ ਅਵਾਜ਼ ਸੁਣ ਸਕਦਾ ਸੀ ਅਤੇ ਮੈਂ ਹੇਠਾਂ ਨੂੰ ਵੇਖਿਆ ਅਤੇ ਮੈਂ ਵੇਖਿਆ ਕਿ ਇਹ ਮੇਰੀਆਂ ਅੱਖਾਂ ਤੋਂ ਵਹਿ ਰਹੇ ਅਥਰੂ ਸਨ ਜੋ ਮੇਰੀ ਦਾੜੀ ਦੇ ਉੱਤੋਂ ਦੀ ਹੁੰਦੇ ਹੋਏ, ਉਹਨਾਂ ਸੁੱਕੇ ਪੱਤਿਆਂ ਉੱਤੇ ਡਿੱਗ ਰਹੇ ਸਨ, ਜਿਨ੍ਹਾ ਉੱਤੇ ਲਗਭਗ ਆਧਾ ਘੰਟਾ ਪਹਿਲਾਂ ਲਗਭਗ ਇੱਕ ਇੰਚ ਤੱਕ ਬਰਫ਼ ਜੰਮੀ ਹੋਈ ਸੀ।

157 ਜਦੋਂ ਮੈਂ ਉਸ ਪਹਾੜੀ ਉੱਤੋਂ ਉਤਰਿਆ ਤਾਂ ਚਾਰ ਦਿਨਾਂ ਤੱਕ, ਚਾਰ ਦਿਨਾਂ ਬਾਅਦ ਵੀ ਆਕਾਸ਼ ਵਿੱਚ ਕੋਈ ਬੱਦਲ ਨਹੀ ਸੀ। ਮੈਂ ਅੰਦਰ ਆਇਆ ਅਤੇ ਤੇਲ ਭਰਨ ਵਾਲੇ ਆਦਮੀ ਨੂੰ ਕਿਹਾ, “ਕੀ...ਬਰਫ਼ ਪੂਰੀ ਤਰ੍ਹਾਂ ਸੁੱਕ ਗਈ ਸੀ?”

158 ਉਸਨੇ ਕਿਹਾ, "ਹਾਂ ਜੀ। ਕੀ ਤੁਸੀਂ ਜਾਣਦੇ ਹੋ ਕਿ ਅਸੀਂ ਉਮੀਦ ਕਰਦੇ ਸਾਂ ਕਿ ਇਹ ਬਰਫੀਲਾ ਤੂਫਾਨ ਅਗਲੇ ਦਿਨ ਵੀ ਰਹੇਗਾ ਹੈਰਾਨੀ ਦੀ ਗੱਲ ਹੈ ਕਿ ਇਹ ਅਚਾਨਕ ਹੀ ਰੁੱਕ ਗਿਆ।"

159 ਅਤੇ ਫਿਰ ਮੈਂ ਏਰਿਜ਼ੋਨਾ ਵਾਪਿਸ ਆਉਂਦੇ ਹੋਏ ਨਿਊ ਮੈਕ੍ਸਿਕੋ ਲਾਇਨ ਵੱਲ ਦੀ ਆਇਆ। ਅਤੇ ਮੈਂ ਆਪਣੇ ਬੇਟੇ ਬਿਲੀ ਨੂੰ ਕਿਹਾ, "ਆ ਅਸੀਂ ਉੱਥੇ ਜਾ ਕੇ ਵੇਖਦੇ ਹਾਂ ਕਿ ਹੁਣ ਸਾਨੂੰ ਇਸੇ ਹੀ ਰਾਹ ਉੱਤੇ ਜਾਣਾ ਸੀ।"

160 ਮੈਂ ਉੱਥੇ ਰੁੱਕ ਗਿਆ। ਇਹ ਐਤਵਾਰ ਸਵੇਰ ਦੀ ਗੱਲ ਹੈ। ਮੈਂ...ਅਤੇ ਮੈਂ ਥੋੜਾ ਗਾਸੋਲਿਨ ਲਿਆ। ਅਤੇ ਉਸ ਆਦਮੀ ਨੇ ਮੈਨੂੰ ਪੁਛਿਆ, "ਅੱਛਾ ਕੀ ਤੁਸੀਂ ਸ਼ਿਕਾਰ ਤੇ ਗਏ ਸੀ?"

ਮੈਂ ਕਿਹਾ, "ਹਾਂ ਜੀ, ਸ਼੍ਰੀਮਾਨ।"

ਉਸਨੇ ਪੁਛਿਆ, "ਕੀ ਕੋਈ ਖਾਸ ਗੱਲ ਹੋਈ?"

161 ਮੈਂ ਆਖਿਆ, "ਹਾਂ ਜੀ, ਸ਼੍ਰੀਮਾਨ ਸਾਡਾ ਬਹੁਤ ਵਧੀਆ ਸਮਾਂ ਗੁਜਰਿਆ।" ਮੈਂ ਕਿਹਾ, "ਇਹ ਬੜਾ ਖੁਸ਼ਕ ਜਾਪਦਾ ਹੈ।"

162 ਅਤੇ ਉਸਨੇ ਕਿਹਾ, "ਹਾਂ ਜੀ, ਇੱਥੇ ਬਹੁਤ ਹੀ ਖੁਸ਼ਕ ਮੌਸਮ ਹੈ।" ਉਸਨੇ ਕਿਹਾ, "ਦੂਸਰੇ ਦਿਨ ਬਹੁਤ ਹੀ ਬਰਫ਼ ਡਿਗਣ ਬਾਰੇ ਸਾਨੂੰ ਕਿਹਾ ਗਿਆ ਸੀ। ਅਤੇ ਤੁਸੀਂ ਵੀ ਜਾਣਦੇ ਹੋਵੋਂਗੇ ਕਿ ਬਰਫੀਲਾ ਤੂਫਾਨ ਪੂਰੀ ਤਰ੍ਹਾਂ ਨਾਲ ਸ਼ੁਰੂ ਹੋ ਚੁਕਾ ਸੀ। ਪਰ ਅਚਾਨਕ ਹੀ ਇਹ ਸ਼ਾਂਤ ਹੋ ਗਿਆ।" ਔਹ ਮੇਰੇ! ਔਹ ਮੇਰੇ ਖੁਦਾ!

163 ਮੈਂ ਉਸ ਰੁੱਖ ਦੇ ਸਹਾਰੇ ਖਲੋਤਾ ਹੋਇਆ ਸੀ। (ਹੁਣ ਮੈਂ ਬੰਦ ਕਰਨ ਵਾਲਾ ਹਾਂ) ਮੈਂ ਉਸ ਰੁੱਖ ਦੇ ਇੱਕ ਪਾਸੇ ਖੜਾ ਸੀ, ਅਤੇ ਮੇਰੀਆਂ ਅੱਖਾਂ ਦੇ ਵਿੱਚੋਂ ਅਥਰੂ ਵੱਗ ਰਹੇ ਸਨ। ਮੈਂ ਸੋਚਿਆ, "ਪ੍ਰਮੇਸ਼ਵਰ!"

164 ਜਰਾ ਸੋਚੋ ਜਿਸ ਖੁਦਾ ਨੇ ਲਹਿਰਾਂ ਨੂੰ ਕਿਹਾ ਸੀ, "ਸ਼ਾਂਤ ਹੋ ਜਾਹ" ਅਤੇ ਤੂਫਾਨ ਨੇ ਉਸਦੇ ਹੁਕਮ ਦੀ ਪਾਲਣਾਂ ਕੀਤੀ ਸੀ। ਉਹ ਯਿਸੂ ਅੱਜ ਵੀ ਉਹੋ ਹੀ ਹੈ ਅਤੇ ਸਾਡੇ ਨਾਲ ਇਥੇ ਜੰਗਲ ਵਿੱਚ ਮੌਜੂਦ ਹੈ। ਉਹ ਅਜੇ ਵੀ ਵਚਨ ਹੀ ਹੈ। ਵਚਨ, ਸਾਰੀ ਕੁਦਰਤ ਨੂੰ ਉਸਦੇ ਵਚਨ ਦੀ ਪਾਲਣਾ ਕਰਨੀ ਪੈਂਦੀ ਹੈ, ਕਿਉਂਕਿ ਉਹੋ ਹੀ ਕੁਦਰਤ ਦਾ ਰਚਨਹਾਰਾ ਹੈ।

ਮੈਂ ਉੱਥੇ ਖੜਾ ਸੀ ਅਤੇ ਅਥਰੂ ਮੇਰੀਆਂ ਗੱਲਾਂ ਦੇ ਉੱਤੋਂ ਦੀ ਵਹਿ ਰਹੇ ਸਨ।

165 ਅਤੇ ਹੁਣ ਪੰਜ ਸਾਲਾਂ ਤੋਂ ਮੈਂ ਇਸ ਖੇਤਰ ਤੋਂ ਅਲੱਗ ਸੀ, ਮੈਂ ਕੇਵਲ ਕਲੀਸਿਯਾਵਾਂ ਵਿੱਚ ਜਾਂਦਾ ਸੀ ਅਤੇ ਜੋ ਕੁਝ ਵੀ ਕਰਦਾ ਸੀ ਉਹ ਮੈਂ ਕਰਦਾ ਸੀ। ਤੁਸੀਂ ਸਾਰੇ ਇਹ ਜਾਣਦੇ ਹੋ। ਅਤੇ ਮੇਰਾ ਹਿਰਦਾ ਬੋਝ ਨਾਲ ਭਰਿਆ ਹੋਇਆ ਸੀ। ਮੈਂ ਇਥੋਂ ਬਾਹਰ ਨਿਕਲਿਆ ਅਤੇ ਏਰਿਜ਼ੋਨਾ ਆਇਆ। ਅਤੇ ਪ੍ਰਮੇਸ਼ਵਰ ਜੋ ਕੰਮ ਕਰਨ ਲਈ ਮੈਨੂੰ ਆਖਦਾ ਹੈ ਮੈਂ ਉਹਨਾਂ ਨੂੰ ਕਰਦਾ ਹਾਂ ਪਰ ਇੰਝ ਲਗਦਾ ਹੈ ਬੇਦਾਰੀ ਖਤਮ ਹੋ ਗਈ ਹੈ। ਅਤੇ ਮੈਂ ਨਹੀ ਕਰ ਸਕਦਾ...ਹੈਰਾਨ ਹੁੰਦਾ ਹਾਂ ਕਿ ਕੀ ਹੋ ਰਿਹਾ ਹੈ। ਮੈਂ ਆਪਣੇ ਹਿਰਦੇ ਵਿਚ ਹੀ ਤੌਬਾ ਕੀਤੀ ਸੀ। ਮੈਂ ਆਖਿਆ ਸੀ, "ਪ੍ਰਭੂ ਜੇਕਰ ਮੈਂ ਕੋਈ ਗਲਤੀ ਕੀਤੀ ਹੈ ਤਾਂ ਤੂੰ ਮੈਨੂੰ ਦੱਸ ਮੈਂ ਇਸਨੂੰ ਸੁਧਾਰ ਲਵਾਂਗਾ।" ਹਰ ਸਮੇਂ ਮੇਰਾ ਹਿਰਦਾ ਬੋਝ ਨਾਲ ਭਰਿਆ ਰਹਿੰਦਾ ਸੀ ਅਤੇ ਮੈਨੂੰ ਇੱਕ ਤਰ੍ਹਾਂ ਨਾਲ ਭਿਆਨਕ ਜਿਹਾ ਮਹਿਸੂਸ ਹੁੰਦਾ ਸੀ ਅਤੇ ਮੈਂ ਉਸ ਜਿੱਤ ਨੂੰ ਹਾਸਿਲ ਨਾ ਕਰ ਸਕਿਆ ਜਿਸ ਨੂੰ ਮੈਂ ਚਾਹੁੰਦਾ ਸੀ।

166 ਉਸਨੇ ਅਨੇਕਾਂ ਹੀ ਮਹਾਨ ਕੰਮ ਕੀਤੇ ਅਤੇ ਵਿਖਾਏ ਹਨ ਜਿਸਦੇ ਤੁਸੀਂ ਸਾਰੇ ਹੀ ਗਵਾਹ ਹੋ, ਇਥੇ ਆ ਕੇ ਤੁਹਾਨੂੰ ਇਹਨਾਂ ਸਾਰੀਆਂ ਗੱਲਾਂ ਬਾਰੇ ਦਸਿਆ ਗਿਆ ਸੀ ਅਤੇ ਜੋ ਮਹਾਨ ਅਲੌਕਿਕ ਗੱਲਾਂ ਵਿਖਾਈਆਂ ਅਤੇ ਕੀਤੀਆਂ ਗਈਆਂ ਸਨ ਉਹਨਾਂ ਨਾਲ ਅਖਬਾਰਾਂ ਅਤੇ ਮੈਗਜੀਨ ਭਰੇ ਪਏ ਹਨ।

167 ਪਰ ਮੇਰਾ ਹਿਰਦਾ ਅਜੇ ਤੱਕ ਵੀ ਬੋਝ ਨਾਲ ਭਰਿਆ ਹੋਇਆ ਸੀ। ਅਤੇ ਮੈਂ ਉਸ ਰੁੱਖ ਦੇ ਸਹਾਰੇ ਇਸ ਤਰ੍ਹਾਂ ਨਾਲ ਖਲੋਤਾ ਹੋਇਆ ਸੀ। ਅਤੇ ਮੈਂ ਸੋਚਿਆ "ਸਵਰਗ ਦੇ ਮਹਾਨ ਪ੍ਰਮੇਸ਼ਵਰ। ਗਰਮ ਸੂਰਜ ਮੇਰੇ ਉੱਤੇ ਚਮਕ ਰਿਹਾ ਹੈ ਅਤੇ ਕੀਤੇ ਵੀ ਕੋਈ ਬੱਦਲ ਨਹੀ ਹੈ ਅਤੇ ਕੁਝ ਵੀ ਪਹਿਲਾਂ ਤੂੰ ਮਨੁਖਾਂ ਦੀਆਂ ਗੱਲਾਂ ਨੂੰ ਝੂਠਾ ਠਹਿਰਾ ਦਿੱਤਾ। ਕੁਦਰਤ ਨੇ ਇਹ ਕੀਤਾ ਹੈ। ਪ੍ਰਭੂ ਇਹ ਕਿਵੇਂ ਹੋ ਸਕਿਆ ਸੀ? ਯਿਸੂ ਮਸੀਹ ਕਲ, ਅੱਜ ਅਤੇ ਯੁਗੋ ਯੁੱਗ ਇੱਕੋ ਜਿਹਾ ਹੈ। ਇਹ ਤਾਂ ਉਸਦਾ ਵਚਨ ਸੀ, ਜਿਸ ਨੂੰ ਤੂੰ ਮੈਨੂੰ ਬੋਲਣ ਲਈ ਕਿਹਾ ਸੀ।" ਮੈਂ ਸੋਚਿਆ "ਪਿਤਾ, ਮੈਂ ਤੇਰਾ ਕਿੰਨਾ ਅਹਿਸਾਨ ਮੰਦ ਹਾਂ।"

168 ਮੈਂ ਕਿਸੇ ਚੀਜ ਨੂੰ ਜਾਂਦੇ ਹੋਏ ਸੁਣਿਆ…ਅਤੇ ਮੈਂ ਵੇਖਿਆ ਕਿ ਦੋ ਤਿੰਨ ਹਿਰਨ ਮੇਰੇ ਸਾਹਮਨੇ ਖੜੇ ਹਨ ਅਤੇ ਮੇਰੇ ਵੱਲ ਵੇਖ ਰਹੇ ਸਨ। ਹੁਣ ਪਿੱਛਲੇ ਹਫਤੇ ਇਹਨਾਂ ਹਿਰਨਾਂ ਦਾ ਬਹੁਤ ਵੱਡੀ ਮਾਤਰਾ ਵਿੱਚ ਸ਼ਿਕਾਰ ਕੀਤਾ ਗਿਆ ਸੀ ਅਤੇ ਉੱਥੇ ਅੰਦਰ ਸ਼ਿਕਾਰੀ ਵੀ ਸਨ। ਅਤੇ ਮੈਂ ਲਾਲ ਰੰਗ ਦੇ ਕਪੜੇ ਪਾਏ ਹੋਏ ਸਨ, ਕੋਈ ਵੀ ਜਾਣਦਾ ਹੈ ਕਿ ਉਹਨਾਂ ਹਿਰਨਾਂ ਨੂੰ ਛੇਤੀ ਹੀ ਚਲੇ ਜਾਣਾ ਚਾਹਿਦਾ ਸੀ। (ਭਾਈ ਬ੍ਰਾਨਹਾਮ ਆਪਣੀਆਂ ਉਂਗਲੀਆਂ ਵਜਾਉਂਦੇ ਹਨ) ਪਰ ਉਹ ਹਿਰਨ ਮੇਰੇ ਵੱਲ ਵੇਖ ਰਹੇ ਸਨ।

169 ਅਤੇ ਉਹ ਹਿਰਨ ਖਾਣ ਲਈ ਬਹੁਤੇ ਵਧੀਆ ਨਹੀ ਸਨ ਹੋ ਸਕਦੇ। ਉਹ ਇੱਕ ਵੱਡੀ ਹਿਰਨੀ ਸੀ ਅਤੇ ਉਸਦੇ ਦੋ ਪੂਰਨ ਵਿਕਸਿਤ ਬੱਚੇ ਸਨ। ਅਤੇ ਮੈਂ ਸੋਚਿਆ, "ਇਹ ਬਿਲਕੁਲ ਠੀਕ ਹੈ। ਸਾਨੂੰ ਤਿੰਨ ਹਿਰਨਾਂ ਦੀ ਹੀ ਲੋੜ ਹੈ।"

170 ਕਿਸੇ ਨੇ ਮੈਨੂੰ ਕਿਹਾ, "ਕੀ ਤੂੰ ਜਾਣਦਾ ਹੈਂ, ਪ੍ਰਭੂ ਨੇ ਇਹਨਾਂ ਨੂੰ ਤੇਰੇ ਹੱਥਾਂ ਵਿੱਚ ਦੇ ਦਿੱਤਾ ਹੈ।"

171 ਪਰ ਜਦੋਂ ਮੈਂ ਫੁੱਲ ਗੋਸਪ੍ਲ ਬਿਜਨੇਸਮੈਨਾਂ ਨਾਲ ਸੀ, ਲਗਭੱਗ ਇੱਕ ਸਾਲ ਪਹਿਲਾਂ, ਭਾਈ ਕਲੇਟਾਨ, ਸਾਡੇ ਨਾਲ ਸ਼ਿਕਾਰ ਤੇ ਗਏ ਸਨ ਜਦੋਂ ਮੈਂ ਉਹ ਯਾਦਗਾਰ ਮੱਛੀ ਫੜੀ ਸੀ ਜੋ ਕਿ ਬਹਤ ਹੀ ਵੱਡੀ ਸੀ। ਉਸ ਸਾਲ, ਮੈਂ ਉਹਨਾਂ ਲਈ, ਉੰਨੀ ਸਿੰਗਾਂ ਵਾਲਾ ਬਾਰਾ ਸਿੰਗਾ ਮਾਰਿਆ ਸੀ। ਅਤੇ ਮੈਂ…ਉਹ…

172 ਕਦੇ—ਕਦੇ ਉਹ ਬਿਜਨੇਸਮੈਨ…ਮੇਰੇ ਭਇਓ ਮਾਫ਼ ਕਰਨਾ। ਉਹਨਾਂ ਵਿਚੋਂ ਕੁਝ ਤਾਂ ਡਾਕਟਰ ਹਨ ਅਤੇ ਤੁਸੀਂ ਜਾਣਦੇ ਹੋ ਕੀ ਉਹ ਮੋਟੇ ਹਨ ਅਤੇ ਉਹ ਤੁਰ ਵੀ ਨਹੀ ਸਕਦੇ ਅਤੇ ਬਹੁਤੇ ਤਾਂ ਆਪਣੀ ਮੇਜ ਉੱਤੇ ਹੀ ਬੈਠੇ ਰਹਿੰਦੇ ਹਨ। ਉਹ ਕਹਿੰਦੇ ਹਨ, "ਬਿਲੀ, ਮੈਨੂੰ ਇੱਕ ਦੋ ਸਾਲ ਦੀ ਨੀਲੇ ਰੰਗ ਦੀ ਗਾਂ ਮਾਰ ਕੇ ਲਿਆ ਦੇਈ। ਮੈਨੂੰ ਇੱਕ ਖਰਗੋਸ਼ ਚਾਹਿਦਾ ਹੈ।" ਠੀਕ ਹੈ ਮੈਂ ਉੱਥੇ ਬਾਹਰ ਸ਼ਿਕਾਰ ਦਾ ਭਰਪੂਰ ਆਨੰਦ ਮਾਣਿਆ ਅਤੇ ਬਾਰਾਂ ਸਿੰਗਾਂ ਅਤੇ ਹੋਰਨਾਂ ਜਾਨਵਰਾਂ ਦਾ ਸ਼ਿਕਾਰ ਕੀਤਾ।

173 ਪਰ ਪ੍ਰਭੂ ਨੇ ਅਜਿਹਾ ਕਰਨ ਤੋਂ ਮੈਨੂੰ ਮਨ੍ਹਾ ਕੀਤਾ। ਅਤੇ ਬਹੁਤ ਸਾਲ ਨਹੀ ਹੋਏ ਕਿ ਮੈਂ ਕ੍ਲੋਰੈਡੋ ਦੇ ਉਸ ਬਰ੍ਫੀਲੇ ਤੂਫਾਨ ਵਿੱਚ ਪ੍ਰਮੇਸ਼ਵਰ ਦੇ ਨਾਲ ਵਾਅਦਾ ਕੀਤਾ ਸੀ। ਅਤੇ ਮੈਂ ਆਖਿਆ, "ਪ੍ਰਭੂ, ਮੈਂ ਲੋਕਾਂ ਦੇ ਲਈ ਮਾਰਗ ਦਰਸ਼ਨ ਤਾਂ ਕਰਾਂਗਾ, ਪਰ ਲੋਕਾਂ ਦੇ ਲਈ

ਮੈਂ ਸ਼ਿਕਾਰ ਨਹੀ ਕਰਾਂਗਾ।" ਨਹੀ। ਨਹੀ, ਜੱਦ ਤੱਕ ਸਾਡੇ ਲਈ ਕਿਸੇ ਜਾਨਵਰ ਨੂੰ ਮਾਰਨਾ ਜਰੂਰੀ ਨਾ ਹੋ ਜਾਵੇ, ਸਾਨੂੰ ਉਸ ਨੂੰ ਨਹੀ ਮਾਰਨਾ ਚਾਹੀਦਾ।

174 ਅਤੇ ਮੁੰਡਿਓ, ਜੇ ਤੁਹਾਨੂੰ ਯਾਦ ਹੈ, ਸਾਡੇ ਆਉਣ ਤੋਂ ਇੱਕ ਰਾਤ ਪਹਿਲਾਂ, ਉਹ ਵਿਚਾਰਾ ਬਜੁਰਗ ਭਾਈ ਉੱਥੇ ਸ਼ਿਕਾਰ ਖੇਡਣ ਗਿਆ ਅਤੇ ਉਸ ਨੂੰ ਕੋਈ ਵੀ ਹਿਰਨ ਨਹੀ ਸੀ ਮਿਲਿਆ। ਉਸ ਭਾਈ ਦਾ ਕੀ ਨਾਂ ਹੈ? ਪਾਮਰ, ਉਹ ਭਾਈ ਮੇਰੇ ਕੋਲ ਆਇਆ ਅਤੇ ਉਸਨੇ ਆਪਣੇ ਦਸਵੰਧ ਦੇ ਦੱਸ ਡੋਲਰ ਮੈਨੂੰ ਦਿੱਤੇ। ਉਸਨੇ ਕਿਹਾ, "ਭਾਈ ਬ੍ਰਾਨਹਾਮ ਇਹ ਮੇਰਾ ਦਸਵੰਧ ਹੈ, ਇਸ ਨੂੰ ਕਲੀਸੀਆ ਦੇ ਪੈਸੇ ਵਿੱਚ ਪਾ ਦੇਣਾ।" ਉਸਨੇ ਕਿਹਾ, "ਭਾਈ ਜੀ, ਕੀ ਤੁਸੀਂ ਮੈਨੂੰ ਇੱਕ ਹਿਰਨ ਲਿਆ ਦਿਓਗੇ?" ਔਹ...

ਮੈਂ—ਮੈਂ ਕਿਹਾ, "ਚੰਗਾ, ਮੈਂ, ਭਾਈ ਪਾਮਰ, ਮੈਂ—ਮੈਂ—ਮੈਂ ਜੋ ਵੀ ਕਰ ਸਕਦਾ ਹਾਂ ਮੈਂ ਕਰਾਂਗਾ।"

175 [ਟੇਪ ਉੱਤੇ ਖਾਲੀ ਥਾਂ...ਸੰਪਾ] ਉਹ ਤਿੰਨੇ ਹਿਰਨ ਮੇਰੇ ਸਾਹਮਣੇ ਖਲੋਤੇ ਹੋਏ ਸਨ ਅਤੇ ਮੇਰੀ ਇਹ ਬੰਦੂਕ ਮੇਰੇ ਮੋਢੇ ਉੱਤੇ ਸੀ। ਮੈਂ ਬਸ ਆਪਣੇ ਮੋਢੇ ਨੂੰ ਇਸ ਤਰ੍ਹਾਂ ਹਿਲਾਇਆ। ਮੈਂ ਸੋਚਿਆ, "ਇਹ ਮੇਰੇ ਕੋਲੋਂ ਦੌੜ ਨਹੀ ਸੱਕਦੇ। ਇਹ ਠੀਕ ਮੇਰੇ ਸਾਹਮਣੇ ਹਨ।" ਮੈਂ ਬੰਦੂਕ ਚਲਾਉਣ ਵਿੱਚ ਬਹੁਤ ਹੀ ਨਿਪੁੰਨ ਹਾਂ। "ਇਸ ਤੋਂ ਪਹਿਲਾਂ ਕਿ ਇਹ ਮੁੜਨ, ਮੈਂ ਇਹਨ੍ਹਾਂ ਤਿੰਨਾਂ ਨੂੰ ਹੀ ਮਾਰ ਕੇ ਸੁੱਟ ਸੱਕਦਾ ਹਾਂ।" ਸਮਝੇ? ਅਤੇ ਮੇਰੇ ਕੋਲ ਬੰਦੂਕ ਸੀ। ਮੈਂ ਸੋਚਿਆ, "ਇਹ ਠੀਕ ਮੇਰੇ ਸਾਹਮਣੇ ਹਨ।" ਮੈਂ ਬੰਦੂਕ ਨੂੰ ਸਰਕਾਇਆ...

176 ਤਦ ਹੀ ਮੈਨੂੰ ਉਹ ਵਾਦਾ ਯਾਦ ਆ ਗਿਆ। ਮੈਂ ਆਖਿਆ, "ਮੈਂ ਅਜਿਹਾ ਨਹੀ ਕਰ ਸਕਦਾ। ਮੈਂ ਅਜਿਹਾ ਨਹੀ ਕਰ ਸਕਦਾ।" ਮੈਂ ਆਖਿਆ, "ਮੈਨੂੰ ਯਾਦ ਹੈ ਕਿ ਇੱਕ ਵਾਰ ਮਨੁੱਖ ਨੇ ਦੂਸਰੇ ਨੂੰ ਆਖਿਆ ਸੀ, 'ਪ੍ਰਮੇਸ਼ਵਰ ਨੇ ਯੋਆਬ ਨੂੰ ਜਾਂ ਸ਼ਾਉਲ ਨੂੰ ਤੇਰੇ ਹੱਥਾਂ ਵਿੱਚ ਦੇ ਦਿੱਤਾ ਹੈ,' ਯੋਆਬ ਨੇ ਦਾਉਦ ਨੂੰ ਕਿਹਾ ਸੀ। ਦਾਉਦ ਨੇ ਕਿਹਾ, 'ਪ੍ਰਮੇਸ਼ਵਰ ਨੇ ਮੈਨੂੰ ਵਰਜਿਆ ਹੈ ਕਿ ਮੈਂ ਉਸਦੇ ਮਸਹ ਕੀਤੇ ਹੋਏ ਨੂੰ ਛੂਹਾਂ।' ਇਹੋ ਹੀ ਮੇਰਾ ਵਾਅਦਾ ਸੀ, ਕਿ ਮੈਂ ਅਜਿਹਾ ਨਹੀ ਕਰਾਂਗਾ।"

177 ਮੈਂ ਸੋਚਿਆ, "ਇਹ ਇਸ ਪਹਾੜੀ ਦੀ ਚੋਟੀ ਉੱਤੇ ਹਨ। ਮੈਂ ਇਹਨਾਂ ਨੂੰ ਇਸ ਪਹਾੜੀ ਤੋਂ ਹੇਠਾਂ ਡੇਗ ਸਕਦਾ ਹਾਂ, ਅਤੇ ਫਿਰ ਆਸਾਨੀ ਨਾਲ ਇਹਨਾਂ ਨੂੰ ਫੜ ਸਕਦਾ ਹਾਂ। ਤਿੰਨੇ ਹੀ ਸੁੰਦਰ ਹਿਰਨ ਉੱਥੇ ਖਲੋਤੇ ਹੋਏ ਸਨ।"

ਮੈਂ ਆਖਿਆ, "ਨਹੀ, ਮੈਂ ਅਜਿਹਾ ਨਹੀ ਕਰ ਸਕਦਾ।"

178 ਅਤੇ ਉਹ ਦੋਵੇਂ ਹੀ ਪੂਰੇ ਵਿਕਸਿਤ ਬੱਚੇ ਇੱਕ ਨਰ ਅਤੇ ਇੱਕ ਮਾਦਾ ਅਤੇ ਇੱਕ ਹਿਰਨੀ ਉਹਨਾਂ ਬੱਚਿਆਂ ਦੀ ਮਾਂ ਇਸ ਤਰਾਂ ਨਾਲ ਇਧਰ ਨੂੰ ਮੇਰੇ ਵੱਲ ਆ ਰਹੇ ਸਨ ਅਤੇ ਉਹ ਤਿੰਨੇ ਹੀ ਕਾਫੀ ਮੋਟੇ ਤਾਜੇ ਸਨ ਅਤੇ ਉਹ ਇਧਰ ਉਧਰ ਵੇਖਦੇ ਹੋਏ, ਚਲਦੇ ਆ ਰਹੇ ਸਨ।

179 ਅਤੇ ਮੈਂ ਥੋੜੀ ਦੇਰ ਲਈ ਉੱਥੇ ਖੜੇ ਰਿਹਾ। ਮੈਂ ਸੋਚਿਆ, "ਇਹ ਹਿਰਨ ਬੜੇ ਹੀ ਅਜੀਬ ਹਨ। ਮੈਂ ਲਾਲ ਰੰਗ ਦੇ ਕਪੜੇ ਪਾਏ ਹੋਏ ਸਨ। ਇਹਨਾਂ ਨੂੰ ਤਾਂ ਲਾਲ ਰੰਗ ਵੇਖ ਕੇ ਦੌੜ ਜਾਣਾ ਚਾਹਿਦਾ ਹੈ।" ਮੈਂ ਸੋਚਿਆ, "ਮੈਂ ਇਹਨਾਂ ਨੂੰ ਡਰਾਵਾਂਗਾ।"

180 ਮੈਂ ਕਿਹਾ, "ਤੁਸੀਂ ਮੇਰੇ ਹੱਥਾਂ ਵਿੱਚ ਹੋ! ਜੇ ਤੁਸੀਂ ਚਾਹੋ ਤਾਂ ਵੀ ਤੁਸੀਂ ਮੇਰੇ ਕੋਲੋਂ ਦੌੜ ਨਹੀ ਸਕਦੇ, ਪਰ ਮੈਂ ਤੁਹਾਨੂੰ ਕੋਈ ਵੀ ਨੁਕਸਾਨ ਨਹੀ ਪਹੁੰਚਾਵਾਂਗਾ। ਤੁਸੀਂ ਚਲੇ ਜਾਓ।" ਉਹਨਾਂ ਨੇ

ਇੱਕ ਦੂਸਰੇ ਵੱਲ ਵੇਖਿਆ ਅਤੇ ਫਿਰ ਮੇਰੇ ਵੱਲ ਆਉਣ ਲੱਗ ਪਏ। ਅਤੇ ਉਹ ਮੇਰੇ ਬਹੁਤ ਹੀ ਲਾਗੇ ਆ ਗਏ ਅਤੇ ਮੇਰੇ ਵੱਲ ਵੇਖ ਰਹੇ ਸਨ।

181 ਚੰਗਾ, ਮੈਂ ਆਪਣੀ ਬੰਦੂਕ ਜਮੀਨ ਉੱਤੇ ਰੱਖ ਦਿੱਤੀ। ਮੈਂ ਕਿਹਾ, "ਹਿਰਨੀ ਮਾਂ, ਤੂੰ ਆਪਣੇ ਬੱਚਿਆਂ ਨੂੰ ਲੈ ਜਾ ਅਤੇ ਜੰਗਲ ਵਿੱਚ ਚਲੀ ਜਾ। ਮੈਂ ਤਾਂ ਇੱਥੇ ਪ੍ਰਮੇਸ਼ਵਰ ਦੀ ਹਜੂਰੀ ਦਾ ਅਨੰਦ ਮਾਣ ਰਿਹਾ ਹਾਂ। ਮੈਂ ਪ੍ਰਮੇਸ਼ਵਰ ਨਾਲ ਵਾਦਾ ਕੀਤਾ ਹੈ ਕਿ ਮੈਂ ਲੋਕਾਂ ਲਈ ਜਾਨਵਰਾਂ ਦਾ ਸ਼ਿਕਾਰ ਨਹੀ ਕਰਾਂਗਾ।" ਮੈਂ ਆਖਿਆ, "ਹੁਣ ਤੂੰ ਆਪਣੇ ਬੱਚਿਆਂ ਨੂੰ ਲੈ ਕੇ ਜੰਗਲ ਵਿੱਚ ਚਲੀ ਜਾ। ਮੈਂ ਵੀ ਇਹਨਾਂ ਜੰਗਲਾਂ ਨੂੰ ਪਿਆਰ ਕਰਦਾ ਹਾਂ, ਤੁਸੀਂ ਇੱਥੋਂ ਚਲੇ ਜਾਓ!"

182 ਉਸਨੇ ਮੇਰੇ ਵੱਲ ਵੇਖਿਆ। ਅਤੇ ਉਹ ਉਹਨਾਂ ਦੋਹਾਂ ਨੂੰ ਬਲਕਿ ਉਹਨਾਂ ਤਿੰਨਾਂ ਨੇ ਹੀ ਆਲੇ ਦੁਆਲੇ ਦੇਖਿਆ। ਤਦ ਉਹ ਪਿਛਾਂਹ ਮੁੜੇ ਅਤੇ ਉਥੋਂ ਤੁਰ ਪਏ ਅਤੇ ਫਿਰ ਵਾਪਿਸ ਪਰਤ ਆਏ।

183 ਅਤੇ ਮੈਂ ਕਿਹਾ, "ਮੈਂ ਤੁਹਾਨੂੰ ਕੋਈ ਵੀ ਨੁਕਸਾਨ ਨਹੀ ਪਹੁੰਚਾਵਾਂਗਾ।" ਮੈਂ ਆਖਿਆ, "ਜੰਗਲਾਂ ਵਿੱਚ ਚਲੇ ਜਾਓ। ਤੁਸੀਂ ਮੇਰੇ ਹੱਥਾਂ ਵਿੱਚ ਹੋ। ਤੁਸੀਂ ਇਥੋਂ ਦੌੜ ਨਹੀ ਸਕਦੇ। ਪਰ," ਮੈਂ ਕਿਹਾ, "ਮੈਂ ਵੀ ਪ੍ਰਮੇਸ਼ਵਰ ਦੇ ਹੱਥਾਂ ਵਿੱਚ ਹਾਂ, ਅਤੇ ਮੈਂ ਵੀ ਦੌੜ ਨਹੀ ਸਕਦਾ। ਪ੍ਰਮੇਸ਼ਵਰ ਨੇ ਮੈਨੂੰ ਬਚਾਇਆ ਹੈ। ਮੈਂ ਉਸ ਨਾਲ ਇੱਕ ਵਾਅਦਾ ਕੀਤਾ ਹੈ। ਮੈਂ ਤੁਹਾਨੂੰ ਮੁਕਤ ਕਰ ਰਿਹਾ ਹਾਂ। ਜਾਓ, ਅਤੇ ਤੁਹਾਡੇ ਕੋਲ ਵਧੀਆ ਸਮਾਂ ਹੈ ਅਤੇ ਤੁਸੀਂ ਇਸ ਜੰਗਲ ਦਾ ਆਨੰਦ ਮਾਣੋ। ਮੈਂ ਇਸਨੂੰ ਪਸੰਦ ਕਰਦਾ ਹਾਂ। ਤੁਸੀਂ ਚਲੇ ਜਾਓ।"

184 ਉਹ ਥੋੜੀ ਦੇਰ ਤੱਕ ਉੱਥੇ ਖੜੇ ਰਹੇ ਅਤੇ ਫਿਰ ਮੇਰੇ ਹੱਥਾਂ ਨੂੰ ਚੱਟਣ ਮੇਰੇ ਕੋਲ ਆਏ ਅਤੇ ਫਿਰ ਉਹਨਾਂ ਤਿੰਨਾਂ ਨੇ ਮੁੜ ਕੇ ਮੇਰੇ ਵੱਲ ਇਸ ਤਰਾਂ ਵੇਖਿਆ ਅਤੇ ਫਿਰ ਉਹ ਦੂਰ ਚਲੇ ਗਏ। ਉਹ ਫਿਰ ਰੁਕੇ ਅਤੇ ਉਹਨਾਂ ਨੇ ਮੈਨੂੰ ਫਿਰ ਵੇਖਿਆ ਅਤੇ ਫਿਰ ਉਹ ਜੰਗਲ ਵਿੱਚ ਚਲੇ ਗਏ। ਅਤੇ ਮੈਂ ਉੱਥੇ ਹੀ ਖੜਾ ਸੀ। ਮੈਂ ਸੋਚਿਆ, "ਹਿਰਨਾਂ ਦਾ ਅਜਿਹਾ ਕਰਨਾ ਬਹੁਤ ਹੀ ਅਜੀਬ ਗੱਲ ਹੈ। ਹੈਰਾਨ ਹਾਂ ਕਿ ਇਹ ਸਭ ਇਸ ਲਈ ਹੋਇਆ ਕਿਉਂਕਿ, ਪ੍ਰਭੂ ਯਿਸੂ, ਉਸਦੀ ਹਜੂਰੀ ਇੱਥੇ ਹੈ?"

185 ਅਤੇ ਤਦ ਤੱਕ ਇੱਕ ਅਵਾਜ਼ ਮੇਰੇ ਨਾਲ ਬੋਲੀ, ਕਿਹਾ, "ਕੀ ਤੈਨੂੰ ਆਪਣਾ ਵਾਅਦਾ ਯਾਦ ਹੈ, ਕੀ ਤੈਨੂੰ ਯਾਦ ਨਹੀ ਹੈ?" ਮੈਂ ਜਾਣਦਾ ਸੀ ਕਿ ਇਹ ਪ੍ਰਭੂ ਹੀ ਹੈ।

ਮੈਂ ਆਖਿਆ, "ਹਾਂ ਪ੍ਰਭੂ।"

186 ਉਸ ਨੇ ਆਖਿਆ, "ਇਸ ਲਈ ਮੈਨੂੰ ਵੀ ਆਪਣਾ ਵਾਅਦਾ ਯਾਦ ਹੈ। ਮੈਂ ਤੈਨੂੰ ਕਦੇ ਨਹੀ ਛੱਡਾਂਗਾ। ਮੈਂ ਤੈਨੂੰ ਕਦੇ ਨਹੀ ਤਿਆਗਾਂਗਾ।"

187 ਤਦ ਮੇਰੇ ਹਿਰਦੇ ਉੱਤੋਂ ਉਹ ਬੋਝ ਲਥ ਗਿਆ। ਮਸੀਹੀ ਦੋਸਤੋ, ਅਜਿਹਾ ਮੇਰੇ ਨਾਲ ਬਹੁਤ ਸਮੇਂ ਪਹਿਲੇ ਨਹੀ ਹੋਇਆ। ਇਹ ਤਾਂ ਪਿਛਲੇ ਅਕਤੂਬਰ ਮਹੀਨੇ ਦੇ ਹੀ ਗੱਲ ਹੈ। ਮੈਂ ਇੱਕ ਅਲਗ ਕਿਸਮ ਦਾ ਵਿਅਕਤੀ ਬਣ ਗਿਆ ਹਾਂ।

188 ਪ੍ਰਮੇਸ਼ਵਰ ਨਾਲ ਕੀਤੇ ਆਪਣੇ ਵਾਅਦੇ ਪੂਰੇ ਕਰੋ। ਜੋ ਕੁਝ ਵੀ ਤੁਸੀਂ ਪ੍ਰਮੇਸ਼ਵਰ ਨੂੰ ਆਖਦੇ ਹੋ, ਉਸਦੀ ਨਿਹਚਾ ਕਰੋ। ਆਪਣੇ ਆਪ ਨੂੰ ਹਰੇਕ ਉਸ ਚੀਜ ਤੋਂ ਵੱਖਰਾ ਕਰ ਲਓ ਜੋ ਪ੍ਰਮੇਸ਼ਵਰ ਦੇ ਵਚਨ ਦੇ ਵਿਰੁਧ ਹੈ। ਪ੍ਰਮੇਸ਼ਵਰ ਤੁਹਾਡੀ ਬਿਨਤੀ ਨੂੰ ਸੁਣੇਗਾ ਉਸਦਾ ਜਵਾਬ ਦੇਵੇਗਾ।

ਆਉ ਇਕ ਪਲ ਲਈ ਆਪਣਿਆਂ ਸਿਰਾਂ ਨੂੰ ਝੁਕਾਈਏ।

189 ਕੀ ਅੱਜ ਰਾਤ ਤੁਸੀਂ ਪ੍ਰਮੇਸ਼ਵਰ ਦਾ ਵਚਨ ਸੁਣਨ ਲਈ ਸਾਰੀ ਬੇਪ੍ਰਤੀਤੀ ਨਾਲੋਂ ਵੱਖਰੇ ਹੋਣ ਦੇ ਚਾਹਵੰਦ ਹੋ? ਜੇਕਰ ਤੁਸੀਂ ਅਜਿਹਾ ਕਰੋਗੇ, ਅਤੇ ਜੇ ਇਹ ਵਿਸ਼ਵਾਸ਼ ਕਰਦੇ ਹੋ ਕਿ ਉਹ ਕੱਲ੍ਹ ਅੱਜ ਅਤੇ ਯੁੱਗੋ—ਯੁੱਗ ਇੱਕੋ ਜਿਹਾ ਹੈ! ਜਿਹੜੀਆਂ ਗੱਲਾਂ ਦਾ ਉਸਨੇ ਵਾਅਦਾ ਕੀਤਾ ਸੀ ਕਿ ਉਹ ਕਰੇਗਾ, ਅਸੀਂ ਉਸਨੂੰ ਕਰਦੇ ਹੋਏ ਵੇਖਦੇ ਹਾਂ। ਕੀ ਤੁਸੀਂ ਆਪਣੇ ਹੱਥਾਂ ਨੂੰ ਉਪਰ ਉਠਾਉਗੇ ਅਤੇ ਕਹੋਗੇ ਕਿ “ਪ੍ਰਮੇਸ਼ਵਰ ਅੱਜ ਰਾਤ ਮੈਂ ਤੇਰੇ ਨਾਲ ਵਾਅਦਾ ਕਰਦਾ ਹਾਂ। ਮੈਂ ਹਰੇਕ ਉਸ ਗੱਲ ਦਾ ਵਿਸ਼ਵਾਸ ਕਰਦਾ ਹਾਂ ਜੋ ਤੂੰ ਵਾਇਦਾ ਕੀਤਾ ਹੈ। ਮੈਂ ਸਾਰੇ ਵਚਨ ਦਾ ਵਿਸ਼ਵਾਸ ਕਰਦਾ ਹਾਂ, ਅਤੇ ਫਿਰ ਕਦੀ ਇਸ ਉੱਤੇ ਸ਼ੱਕ ਨਹੀ ਕਰਾਂਗਾ?”

190 ਸਾਡੇ ਸੁਰਗੀ ਪਿਤਾ, ਤੂੰ ਜਾਣਦਾ ਹੈਂ ਕੀ ਇਹ ਕਹਾਣੀ ਸੱਚੀ ਹੈ। ਅਜਿਹਾ ਚੌਥੀ ਵਾਰ ਹੋਇਆ ਸੀ। ਅਤੇ ਫਿਰ ਪੰਜਵੀ ਵਾਰ ਮੇਰੀ ਬਹੁਮੁੱਲੀ ਪਤਨੀ ਦੇ ਨਾਲ ਅਜਿਹਾ ਹੋਇਆ ਜਦ ਤੂੰ…ਪਿਛਲੇ ਹਫਤੇ, ਉਸ ਡਾਕਟਰ ਦੇ ਬਿਆਨ ਅਨੁਸਾਰ ਕਿ ਇਸ ਤੋਂ ਪਹਿਲਾਂ ਕਿ ਉਹ ਮੇਰੀ ਪਤਨੀ ਦਾ ਟਿਊਮਰ ਵੇਖਣ ਲਈ ਉਸਨੂੰ ਛੂੰਹਦਾ, ਉਹ ਰਸੌਲੀ ਉੱਥੋਂ ਗਾਇਬ ਹੋ ਚੁੱਕੀ ਸੀ, ਜੋ ਆਖਿਆ ਗਿਆ ਸੀ ਉਸਦੇ ਮੁਤਾਬਕ ਹੀ ਹੋਇਆ।

191 ਹੁਣ, ਪਿਤਾ ਮੈਂ ਦੁਆ ਕਰਦਾ ਹਾਂ ਕਿ ਤੂੰ ਇਹਨਾਂ ਲੋਕਾਂ ਦੀ ਮਦਦ ਕਰ। ਮੈਂ ਮਹਿਸੂਸ ਕਰਦਾ ਹਾਂ ਕਿ ਹੁਣ ਮੈਂ ਬੁਢਾ ਹੋ ਰਿਹਾ ਹਾਂ। ਮੈਂ ਜਾਣਦਾ ਹਾਂ ਕਿ ਮੈਨੂੰ ਛੇਤੀ ਹੀ ਕੂਚ ਕਰ ਜਾਣਾ ਚਾਹੀਦਾ ਹੈ। ਅਤੇ ਪ੍ਰਭੂ ਮੈਂ ਪ੍ਰਾਰਥਨਾ ਕਰਦਾ ਹਾਂ ਕਿ ਹੋਣ ਦੇ ਕਿ ਮੈਂ ਆਪਣੇ ਭਰਾਵਾਂ ਦੇ ਪ੍ਰਤੀ ਇਮਾਨਦਾਰ ਅਤੇ ਨਿਸ਼ਕਪਟ ਬਣਿਆ ਰਹਾਂ। ਪ੍ਰਭੂ, ਜੇ ਮੈਂ ਉਨ੍ਹਾਂ ਪ੍ਰਤੀ ਇਮਾਨਦਾਰ ਅਤੇ ਨਿਸ਼ਕਪਟ ਨਾ ਰਹਿ ਸਕਾਂ ਤਾਂ ਮੈਂ ਨਹੀ ਸੋਚਦਾ ਕਿ ਮੈਂ ਤੇਰੇ ਪ੍ਰਤੀ ਇਮਾਨਦਾਰ ਅਤੇ ਨਿਸ਼ਕਪਟ ਬਣਿਆ ਰਹਾਂਗਾ, ਕਿਉਂਕਿ ਮੈਂ ਤੇਰੀ ਗਵਾਹੀ ਦੇਣੀ ਚਾਹੁੰਦਾ ਹਾਂ। ਅਤੇ ਮੈਂ ਦੁਆ ਕਰਦਾ ਹਾਂ ਕਿ ਅੱਜ ਰਾਤ ਨੂੰ ਵਚਨ ਨੂੰ ਸਾਡੇ ਅੰਦਰ ਜਿਉਂਦਾ ਬਣਾ, ਕਿ ਤੂੰ ਸਾਨੂੰ ਸਾਰਿਆਂ ਨੂੰ ਵਿਸ਼ਵਾਸ਼ ਦੇਵੇਂਗਾ। ਅਤੇ ਇਸ ਛੋਟੇ ਵਰਦਾਨ ਰਾਹੀਂ ਜੋ…

192 ਕਦੀ ਕਦੀ ਲੋਕ ਸੋਚਦੇ ਹਨ ਕਿ ਵਰਦਾਨ ਕੋਈ ਅਜਿਹੀ ਵਸਤੂ ਹੈ, ਜਿਸ ਨੂੰ ਕਿ ਉਹ ਆਪਣੇ ਹੱਥਾਂ ਵਿੱਚ ਲੈ ਕੇ ਉਸਦੀ ਮਨਚਾਹੀ ਵਰਤੋਂ ਕਰ ਸਕਦੇ ਹਨ। ਪਿਤਾ, ਵਰਦਾਨ ਕੋਈ ਅਜਿਹੀ ਚੀਜ ਨਹੀ ਹੈ। ਹੋਣ ਦੇ ਕਿ ਲੋਕ ਇਹ ਸਮਝ ਜਾਣ ਕਿ ਵਰਦਾਨ ਦਾ ਕੀ ਮਤਲਬ ਹੈ ਕਿ ਤੁਸੀਂ ਆਪਣੇ ਆਪ ਨੂੰ ਅਲੱਗ ਕਰੋ ਕਿ ਪਵਿੱਤਰ ਆਤਮਾ ਜੋ ਕਰਨਾ ਚਾਹੁੰਦਾ ਹੈ ਕਰ ਸਕੇ।

193 ਪ੍ਰਭੂ, ਹੋਣ ਦੇ ਕਿ ਅਸੀਂ ਹੁਣ ਆਪਣੇ ਆਪ ਨੂੰ ਅਲੱਗ ਕਰ ਲਈਏ, ਅਤੇ ਮਹਾਨ ਪਵਿੱਤਰ ਆਤਮਾ ਇੱਥੇ ਆ ਕੇ ਸਾਡੇ ਵਿਚੋ ਦੀ ਕੰਮ ਕਰੇ। ਅਤੇ ਅਸੀਂ ਅੱਜ ਰਾਤ ਯਿਸੂ ਮਸੀਹ ਦੇ ਵਾਦਿਆਂ ਨੂੰ ਵੇਖ ਸਕੀਏ, ਕਿ…ਜਿਸ ਦਾ ਮੈਂ ਖਾਸ ਕਰ ਕੇ ਅੱਜ ਰਾਤ ਹਵਾਲਾ ਦਿੱਤਾ ਹੈ ਪ੍ਰਭੂ, ਇੱਕ ਵਾਰ ਜਦੋਂ ਪ੍ਰਮੇਸ਼ਵਰ ਦੇਹਧਾਰੀ ਹੋ ਕੇ ਅਬਰਾਹਮ ਦੇ ਕੋਲ ਆਇਆ ਸੀ ਅਤੇ ਉਸਨੇ ਹਿਰਦੇ ਦੇ ਗੁਪਤ ਵਿਚਾਰਾਂ ਨੂੰ ਜਾਣਿਆ ਸੀ, ਇਹ ਪ੍ਰਮੇਸ਼ਵਰ ਹੀ ਸੀ। ਅਤੇ ਜਦੋਂ ਉਹ ਦੇਹਧਾਰੀ ਹੋ ਕੇ ਸਾਡੇ ਵਿਚਕਾਰ ਵੱਸਿਆ, ਤਾਂ ਉਸ ਸਮੇਂ ਵੀ ਉਸਨੇ ਹਿਰਦੇ ਦੇ ਗੁਪਤ ਵਿਚਾਰਾਂ ਨੂੰ ਜਾਣਿਆ। ਅਤੇ ਬਾਈਬਲ ਆਖਦੀ ਹੈ ਕਿ, “ਪ੍ਰਮੇਸ਼ਵਰ ਦਾ ਵਚਨ ਹਿਰਦੇ ਦੀਆਂ ਗੁਪਤ ਧਾਰਨਾਵਾਂ ਅਤੇ ਵਿਚਾਰਾਂ ਨੂੰ ਜਾਂਚਣ ਵਾਲਾ ਹੈ।” ਇਸੇ ਹੀ ਕਾਰਣ ਚੇਲੇ ਜਾਣ ਗਏ ਸਨ ਕਿ ਉਹ ਪ੍ਰਮੇਸ਼ਵਰ ਹੈ।

194 ਹੁਣ, ਪਿਤਾ ਹੋਣ ਦੇ ਕਿ ਤੂੰ ਅੱਜ ਰਾਤ ਇੱਥੇ ਆ ਅਤੇ ਸਾਡੇ ਗਰੀਬ ਅਤੇ ਹਲੀਮ ਡੇਰੇ ਤੈਨੂੰ ਸਮਰਪਿਤ ਹੋਣ, ਤਾਂ ਕਿ ਤੂੰ ਸਾਡੇ ਵਿਸ਼ਵਾਸ ਕਰਣ ਦਾ ਉਦੇਸ਼ ਬਣੇ ਕਿ ਇਹ ਤੇਰਾ ਪਵਿੱਤਰ ਆਤਮਾ ਹੀ ਹੈ ਜੋ ਅੱਜ ਰਾਤ ਸਾਡੇ ਦਰਮਿਆਨ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ ਕਿ ਤੂੰ ਹੁਣ ਤੱਕ ਵੀ ਵਚਨ ਹੀ ਹੈਂ। ਤੱਦ ਅਸੀ ਆਪਣੇ ਆਪ ਨੂੰ ਸਾਰੀ ਬੇਪ੍ਰਤੀਤੀ ਨਾਲੋਂ ਵੱਖਰੇ ਕਰਾਂਗੇ ਅਤੇ ਤੇਰੇ ਮਗਰ ਹੋ ਤੁਰਾਂਗੇ। ਤੂੰ ਸਾਡੇ ਨਾਲ ਯਿਸੂ ਮਸੀਹ ਦੇ ਨਾਂ ਵਿਚ ਬੋਲ। ਅਮੀਨ।

[ਮੰਡਲੀ ਵਿੱਚੋਂ ਕੋਈ ਜਣਾ ਭਵਿਖਵਾਣੀ ਵਿਚ ਉਪਦੇਸ਼ ਦਿੰਦਾ ਹੈ—ਸੰਪਾਦਕ]

195 ਸਵਰਗ ਦੇ ਮਹਾਨ ਪ੍ਰਮੇਸ਼ਵਰ, ਤੂੰ ਸਾਡੇ ਉੱਤੇ ਕਿਰਪਾਵਾਨ ਹੋ। ਹੇ ਪ੍ਰਭੂ ਸਾਡੀ ਸਹਾਇਤਾ ਕਰ ਕਿ ਅਸੀਂ ਤੇਰੇ ਹੁਕਮਾਂ ਦੀ ਪਾਲਣਾ ਕਰੀਏ। ਅਤੇ ਸਾਨੂੰ ਆਪਣੇ ਆਦਰ ਲਈ ਇਸਤੇਮਾਲ ਕਰ। ਅਸੀਂ ਇਹਨਾਂ ਹੌਂਸਲਾਂ ਦੇਣ ਵਾਲੇ ਵਚਨਾਂ ਲਈ ਤੇਰਾ ਧੰਨਵਾਦ ਕਰਦੇ ਹਾਂ। ਹੁਣ ਹੋਣ ਦੇ ਕਿ ਪਵਿੱਤਰ ਆਤਮਾ ਸਾਡੇ ਵਿਚਕਾਰ ਚੱਲੇ ਫਿਰੇ ਅਤੇ ਇਹਨਾਂ ਵਚਨਾਂ ਨੂੰ ਸਾਬਤ ਕਰੇ। ਯਿਸੂ ਮਸੀਹ ਦੇ ਨਾਂ ਵਿਚ ਆਮੀਨ।

196 ਪ੍ਰਮੇਸ਼ਵਰ ਤੇ ਵਿਸ਼ਵਾਸ਼ ਰੱਖੋ। ਸ਼ੱਕ ਨਾ ਕਰੋ। ਚੰਗੇ ਬਹਾਦਰ ਬਣੋ। ਉਸ ਦੀ ਆਮਦ ਦਾ ਸਮਾਂ ਬਹੁਤ ਹੀ ਨੇੜੇ ਆ ਰਿਹਾ ਹੈ।

197 ਹੁਣ, ਅੱਜ ਰਾਤ ਇੱਥੇ ਕਈ ਲੋਕ ਹਨ ਜਿਨ੍ਹਾਂ ਨੂੰ ਪ੍ਰਾਰਥਨਾ ਪੱਤਰ ਦਿੱਤੇ ਗਏ ਹਨ। ਕਿੰਨਿਆਂ ਦੇ ਕੋਲ ਇੱਥੇ ਪ੍ਰਾਰਥਨਾ ਪੱਤਰ ਹਨ, ਆਪਣੇ ਹੱਥ ਉਤਾਂਹ ਉਠਾਉ। ਜੇ ਪ੍ਰਭੂ ਮੈਨੂੰ ਹਿਰਦਿਆਂ ਦੇ ਗੁਪਤ ਭੇਦਾਂ ਨੂੰ ਪ੍ਰਗਟ ਕਰਨ ਦਿੰਦਾ ਹੈ, ਤਾਂ ਮੇਰੇ ਲਈ ਇੰਨੇ ਜਿਆਦਾ ਲੋਕਾਂ ਲਈ ਇਹ ਕਰਨਾ ਔਖਾ ਹੋਵੇਗਾ। ਹਰ ਇਕ ਪਲ ਲਈ ਮੈਨੂੰ ਇਹ ਕਹਿਣ ਦਿਉ, ਕਿੰਨਿਆਂ ਦੇ ਕੋਲ ਇੱਥੇ ਪ੍ਰਾਰਥਨਾ—ਪੱਤਰ ਨਹੀ ਹਨ ਅਤੇ ਤੁਸੀਂ ਪ੍ਰਾਰਥਨਾ ਕਰ ਰਹੇ ਹੋ ਕਿ ਪ੍ਰਮੇਸ਼ਵਰ ਤੁਹਾਨੂੰ ਚੰਗਾਈ ਦੇਵੇ? ਹੁਣ ਖੁਦਾ ਤੁਹਾਡੀ ਸਭ ਦੀ ਮਦਦ ਕਰੇ।

198 ਮੈਂ ਤੁਹਾਡਾ ਭਾਈ ਹਾਂ। ਯਿਸੂ ਹੀ ਤੁਹਾਡਾ ਮੁਕਤੀ ਦਾਤਾ ਹੈ। ਪ੍ਰਮੇਸ਼ਵਰ ਸਾਡਾ ਪਿਤਾ ਹੈ। ਅਸੀਂ ਲੋਕ ਹਾਂ। ਅਸੀਂ ਇਸ ਸੰਸਾਰ ਦੇ ਨਹੀ ਹਾਂ ਜਦੋਂ ਅਸੀਂ ਨਵਾਂ ਜਨਮ ਪਾ ਲਿਆ ਤਾਂ, ਅਸੀਂ ਸਵਰਗ ਦੇ ਲੋਕ ਹਾਂ। ਹੁਣ ਇਸ ਤੋਂ ਪਹਿਲਾਂ ਕਿ ਅਸੀਂ ਬਿਮਾਰਾਂ ਲਈ ਪ੍ਰਾਰਥਨਾ ਕਰਨ ਲਈ ਪ੍ਰਾਰਥਨਾ—ਪੰਕਤੀ ਬਣਾਈਏ...ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਇੱਥੇ ਇਸ ਮੰਚ ਉੱਤੇ ਇੱਕ ਆਦਮੀ ਹੈ ਉਹ ਵੀ ਬਿਮਾਰਾਂ ਲਈ ਬੇਨਤੀ ਕਰਦਾ ਹੈ ਅਤੇ ਬਾਹਰ ਸੇਵਕ ਹਨ ਜੋ ਬਿਮਾਰਾਂ ਲਈ ਬੇਨਤੀ ਕਰਦੇ ਹਨ। ਮੈਂ ਕਿਸੇ ਵੀ ਤਰ੍ਹਾਂ ਦਾ ਕੋਈ ਅਜਿਹਾ ਪ੍ਰਭਾਵ ਨਹੀ ਛੱਡਣਾ ਚਾਹੁੰਦਾ ਕਿ ਮੈਂ ਇੱਕਲਾ ਹੀ ਬਿਮਾਰਾਂ ਲਈ ਪ੍ਰਾਰਥਨਾ ਕਰਦਾ ਹਾਂ। ਸਮਝੇ? ਪ੍ਰਮੇਸ਼ਵਰ ਨਹੀ ਕਰਦਾ...ਉਹ ਸਿਰਫ ਮੇਰੀ ਹੀ ਵਰਤੋਂ ਨਹੀ ਕਰਦਾ। ਉਹ ਤੁਹਾਨੂੰ ਜਾਂ ਕਿਸੇ ਹੋਰ ਨੂੰ ਵੀ ਵਰਤ ਸਕਦਾ ਹੈ। ਲੋੜ ਇਸ ਗੱਲ ਦੀ ਹੈ ਕਿ ਵਿਸ਼ਵਾਸ਼ ਕੀਤਾ ਜਾਵੇ ਕਿ ਜੋ ਵੀ ਪ੍ਰਮੇਸ਼ਵਰ ਨੇ ਆਖਿਆ ਹੈ ਉਹ ਸਚ ਹੈ।

199 ਪਰ ਹੁਣ, ਜਿਵੇਂ ਕਿ ਮੈਂ ਇਹ ਆਖਿਆ ਹੈ, ਇਹ ਉਸੇ ਨੂੰ ਹੀ ਸਾਬਿਤ ਕਰਦਾ ਹੈ। ਆਓ ਅਸੀਂ ਇੱਕ ਪਲ ਦੇ ਲਈ ਆਪਣਿਆਂ ਸਿਰਾਂ ਨੂੰ ਝੁਕਾਈਏ। ਤੁਸੀਂ ਜੋ ਬੀਮਾਰ ਹੋ ਅਤੇ ਪ੍ਰਾਰਥਨਾ ਕਰ ਰਹੇ ਹੋ ਅਤੇ ਤੁਹਾਡੇ ਕੋਲ ਪ੍ਰਾਰਥਨਾ ਪੱਤਰ ਨਹੀ ਹਨ, ਤੁਸੀਂ ਪ੍ਰਾਰਥਨਾ ਕਰੋ ਅਤੇ ਇਹ ਆਖੋ : "ਪ੍ਰਭੂ ਯਿਸੂ, ਮੈਂ ਜਾਣਦਾ ਹਾਂ ਕਿ ਬਾਈਬਲ ਕਹਿੰਦੀ ਹੈ ਕਿ ਨਿਹਚਾ ਨਾਲ ਕੀਤੀ ਗਈ ਪ੍ਰਾਰਥਨਾ ਬੀਮਾਰ ਨੂੰ ਬਚਾ ਲਵੇਗੀ, ਪ੍ਰਮੇਸ਼ਵਰ ਉਸਨੂੰ ਉਠਾ ਖੜਾ ਕਰੇਗਾ।

ਅਤੇ ਇਹ ਵੀ ਆਖਿਆ ਗਿਆ ਹੈ ਕਿ ਯਿਸੂ ਮਸੀਹ ਕੱਲ੍ਹ ਅੱਜ ਅਤੇ ਯੁੱਗੋ—ਯੁੱਗ ਇੱਕੋ ਜਿਹਾ ਹੈ।"

200 ਜੇਕਰ ਉਹ ਉਹੋ ਹੀ ਹੈ ਤਾਂ ਉਹ ਉਹਨਾਂ ਸਾਰੇ ਕੰਮਾਂ ਨੂੰ ਅੱਜ ਵੀ ਕਰੇਗਾ। ਅਤੇ ਤਦ ਬਾਈਬਲ ਇਹ ਵੀ ਆਖਦੀ ਹੈ ਕਿ ਪ੍ਰਮੇਸ਼ਵਰ ਦਾ ਵਚਨ ਦੋਧਾਰੀ ਤਲਵਾਰ ਨਾਲੋਂ ਵੀ ਤਿੱਖਾ ਹੈ ਅਤੇ ਹਿਰਦੇ ਦੇ ਗੁਪਤ ਵਿਚਾਰਾਂ ਅਤੇ ਧਾਰਨਾਵਾਂ ਨੂੰ ਜਾਂਚਦਾ ਹੈ। ਅਸੀਂ ਜਾਣਦੇ ਹਾਂ ਕਿ ਜਦੋਂ ਵਚਨ ਯਿਸੂ ਮਸੀਹ, ਪ੍ਰਮੇਸ਼ਵਰ ਦੇ ਪੁੱਤਰ ਦੇ ਰੂਪ ਵਿੱਚ ਦੇਹਧਾਰੀ ਹੋ ਕੇ ਆਇਆ ਤਾਂ ਠੀਕ ਇਹੋ ਹੀ ਕੰਮ ਪ੍ਰਮੇਸ਼ਵਰ ਨੇ ਆਪਣੇ ਪੁੱਤਰ ਵਿਚੋਂ ਦੀ ਕੀਤੇ ਸਨ। ਯਿਸੂ ਮਸੀਹ ਨੇ ਸੰਤ ਯੂਹੰਨਾ ਦੇ 14 ਬਾਬ ਵਿੱਚ ਕਿਹਾ, "ਜੋ ਕੰਮ ਮੈਂ ਕਰਦਾ ਹਾਂ ਤੁਸੀਂ ਵੀ ਕਰੋਗੇ, ਸਗੋਂ ਇਸ ਨਾਲੋਂ ਵੀ ਵੱਡੇ ਅਤੇ ਵਧੀਕ ਕੰਮ ਕਰੋਗੇ ਕਿਉਂਕਿ ਮੈਂ ਆਪਣੇ ਪਿਤਾ ਦੇ ਕੋਲ ਜਾਂਦਾ ਹਾਂ।"

201 ਅਤੇ ਹੁਣ ਬਾਈਬਲ, ਇਬਰਾਨੀਆਂ ਦੀ ਕਿਤਾਬ ਵਿੱਚ, ਇਹ ਵੀ ਆਖਦੀ ਹੈ ਕਿ ਹੁਣ ਯਿਸੂ ਹੀ ਪ੍ਰਧਾਨ ਜਾਜਕ ਹੈ। ਕੀ ਅਸੀਂ ਸਾਰੇ ਇਸ ਗੱਲ ਦਾ ਵਿਸ਼ਵਾਸ਼ ਕਰਦੇ ਹਾਂ? ਯਕੀਨਨ। "ਉਹ ਹੀ ਸਾਡਾ ਪ੍ਰਧਾਨ ਜਾਜਕ ਹੈ ਜਿਸ ਨੂੰ ਅਸੀਂ ਆਪਣੀਆਂ ਕਮੀਆਂ ਸਹਿਤ ਛੂਹ ਸਕਦੇ ਹਾਂ।" ਹੁਣ, "ਉਹ ਹੈ।" ਇਹ ਮੈਂ ਨਹੀ ਹਾਂ; ਪਰ ਉਹ ਹੈ। ਕੋਈ ਮਨੁੱਖ ਨਹੀ ਹੈ। "ਉਹੋ ਹੀ ਪ੍ਰਧਾਨ ਜਾਜਕ ਹੈ ਜਿਸ ਨੂੰ ਅਸੀਂ ਆਪਣੀਆਂ ਦੁਰਬਲਤਾਈਆਂ ਸਹਿਤ ਛੂਹ ਸਕਦੇ ਹਾਂ।"

202 ਹੁਣ, ਜੇਕਰ ਤੁਸੀਂ ਅਜਿਹਾ ਮਹਿਸੂਸ ਕਰਦੇ ਹੋ ਤਾਂ ਤੁਸੀਂ ਆਪਣੀ ਬੇਪ੍ਰਤੀਤੀ ਦੇ ਸਾਰੇ ਬੰਧਨਾਂ ਨੂੰ ਢਿੱਲੇ ਕਰਦੇ ਹੋਏ, ਬਾਹਰ ਆਉ ਅਤੇ ਉਸਨੂੰ ਆਖੋ, "ਮਹਾਨ ਪ੍ਰਧਾਨ ਜਾਜਕ, ਹੋਣ ਦੇ ਕਿ ਮੈਂ ਤੈਨੂੰ ਛੂਹ ਲਵਾਂ!" ਹੁਣ, ਜੇਕਰ ਉਹ ਸਾਡਾ ਪ੍ਰਧਾਨ ਜਾਜਕ ਹੈ, ਅਤੇ ਉਹ ਕੱਲ ਅੱਜ ਅਤੇ ਯੁੱਗੋ—ਯੁੱਗ ਇੱਕੋ ਜਿਹਾ ਹੈ, ਤਾਂ ਉਹ ਅੱਜ ਵੀ ਉਹੋ ਹੀ ਕੰਮ ਕਰੇਗਾ, ਜੋ ਉਸਨੇ ਉਦੋਂ ਕੀਤੇ ਸਨ ਕਿਉਂਕਿ ਉਹ ਇੱਕੋ ਜਿਹਾ ਹੈ।

203 ਜਦੋਂ ਉਹ ਇੱਥੇ ਧਰਤੀ ਉੱਤੇ ਸੀ, ਤਾਂ ਉਸ ਸਮੇਂ ਇੱਕ ਔਰਤ ਨੇ ਆਪਣੇ ਹੱਥ ਨਾਲ ਉਸ ਨੂੰ ਛੂਹਿਆ ਸੀ। ਉਸਨੇ ਮਹਿਸੂਸ ਕਰ ਲਿਆ ਕਿ ਕਿਸੇ ਨੇ ਉਸ ਨੂੰ ਛੂਹਿਆ ਹੈ, ਅਤੇ ਉਹ ਮੁੜਿਆ ਅਤੇ ਆਖਿਆ, "ਮੈਨੂੰ ਕਿਸ ਨੇ ਛੂਹਿਆ ਹੈ?" ਅਤੇ ਉਹਨਾਂ ਸਾਰਿਆਂ ਨੇ ਹੀ ਇਸ ਗੱਲ ਦਾ ਇਨਕਾਰ ਕੀਤਾ। ਪਰ ਉਸਨੇ ਵਿਚਾਰਾਂ ਨੂੰ ਜਾਂਚ ਲਿਆ ਅਤੇ ਉਸ ਔਰਤ ਨੂੰ ਲਭ ਲਿਆ ਅਤੇ ਉਸਨੂੰ ਦੱਸਿਆ ਕਿ ਉਸ ਦਾ ਕੀ ਰੋਗ ਸੀ ਅਤੇ ਉਸਦੇ ਵਿਸ਼ਵਾਸ਼ ਨੇ ਹੀ ਉਸਨੂੰ ਚੰਗਾ ਕੀਤਾ ਹੈ।

204 ਹੁਣ, ਉਹ ਕੱਲ੍ਹ ਅੱਜ ਅਤੇ ਯੁੱਗੋ—ਯੁੱਗ ਇੱਕੋ ਜਿਹਾ ਹੈ। ਹੋ ਸਕਦਾ ਹੈ ਕਿ ਉਸ ਔਰਤ ਕੋਲ ਪ੍ਰਾਰਥਨਾ ਪੱਤਰ ਨਾ ਹੋਵੇ, ਪਰ ਉਸਦੇ ਕੋਲ ਵਿਸ਼ਵਾਸ਼ ਸੀ। ਅਤੇ ਇਹ ਸਭ ਤੋਂ ਜਰੂਰੀ ਹੈ। ਨਿਹਚਾ ਰੱਖੋ। ਉਸ ਮਹਾਨ ਵੈਦ ਨੂੰ ਛੂਵੋ। ਅਤੇ ਉਸ ਵਰਦਾਨ ਦੇ ਰਾਹੀ ਜੋ ਮੈਂ ਆਪਣੇ ਆਪ ਨੂੰ ਅਲੱਗ ਕਰ ਸਕਾਂ ਅਤੇ ਪਵਿੱਤਰ ਆਤਮਾ ਹੀ ਬੋਲੇ ਜੋ ਵੀ ਉਹ ਬੋਲਣਾ ਚਾਹੁੰਦਾ ਹੈ ਅਤੇ ਜੋ ਵੀ ਉਹ ਕਰਨਾ ਚਾਹੁੰਦਾ ਹੈ ਉਹ ਕਰੇ। ਇਹ ਇੱਕ ਦਾਤ ਹੈ, ਇਹ ਕਾਲਪਨਿਕ ਹੈ। ਜੋ ਇਹ ਕਾਲਪਨਿਕ ਹੈ ਤਾਂ ਇਹ ਕੰਮ ਨਹੀ ਕਰੇਗਾ। ਜੇਕਰ ਇਹ ਅਸਲੀ ਹੈ, ਤਾਂ ਇਹ ਕੰਮ ਕਰਦਾ ਹੈ। ਇਹੋ ਹੀ ਯਿਸੂ ਨੇ ਆਖਿਆ ਸੀ, "ਇਹ ਕੰਮ ਮੈਂ ਨਹੀ ਕਰਦਾ ਹਾਂ, ਇਹ ਤਾਂ ਮੇਰਾ ਪਿਤਾ ਜੋ ਮੇਰੇ ਵਿੱਚ ਰਹਿ ਕੇ ਇਹਨਾਂ ਕੰਮਾਂ ਨੂੰ ਕਰਦਾ ਹੈ।" ਇਸ ਲਈ ਇਹਨਾਂ ਕੰਮਾਂ ਨੂੰ ਕਰਨ ਵਾਲਾ ਮੈਂ ਨਹੀ ਹੋ ਸਕਦਾ। ਉਹ ਪ੍ਰਮੇਸ਼ਵਰ ਦਾ ਪੁੱਤਰ ਸੀ, ਮੈਂ ਤਾਂ ਇੱਕ ਪਾਪੀ ਹਾਂ, ਜੋ ਉਸਦੀ ਕਿਰਪਾ ਰਾਹੀਂ ਬਚਿਆ ਹਾਂ।

205 ਕੇਵਲ ਵਿਸ਼ਵਾਸ਼ ਰੱਖੋ। ਨਿਰਾਸ਼ ਨਾ ਹੋਵੋ। ਸਿਰਫ ਵਿਸ਼ਵਾਸ਼ ਰੱਖੋ, ਅਤੇ ਆਖੋ, "ਪ੍ਰਭੂ ਯਿਸੂ, ਹੋਣ ਦੇ ਕਿ ਮੈਂ ਤੇਰੇ ਬਸਤਰ ਨੂੰ ਛੂਹ ਲਵਾਂ।" ਬਸ ਸਾਧਾਰਣ ਦੁਆ ਕਰੋ। ਬਸ ਪ੍ਰਾਰਥਨਾ ਕਰਦੇ ਰਹੋ। ਜੋ—ਜੋ ਜਿਥੇ ਵੀ ਹੈ, ਉੱਥੇ ਹੀ ਖੜਾ ਰਹੇ ਕੇਵਲ ਦੁਆ ਕਰੋ ਅਤੇ ਨਿਹਚਾ ਰੱਖੋ।

206 ਸਿਰਫ ਨਿਹਚਾ ਰੱਖੋ ਅਤੇ ਜਲਦਬਾਜੀ ਨਾ ਕਰੋ। ਨਿਰਾਸ਼ ਹੋਣ ਦੀ ਕੋਸ਼ਿਸ਼ ਨਾ ਕਰੋ। ਬਸ ਵਿਸ਼ਵਾਸ਼ ਕਰੋ। ਹੁਣ ਕੀ ਤੁਸੀਂ ਸਾਰੇ ਹੀ ਵਿਸ਼ਵਾਸ਼ ਕਰਦੇ ਹੋ? ਕੀ ਤੁਸੀਂ ਵਿਸ਼ਵਾਸ਼ ਕਰ ਸਕਦੇ ਹੋ? ਪੁਰਾਣੀਆਂ ਗੱਲਾਂ ਨੂੰ ਭੁੱਲ ਜਾਉ। ਇਹ ਸੋਚੋ ਕਿ ਯਿਸੂ ਨੇ ਇਸਦਾ ਵਾਦਾ ਕੀਤਾ ਹੈ। ਮੈਂ ਜਾਣਦਾ ਹਾਂ ਕਿ ਇਹ ਅਸਾਧਾਰਣ ਹੈ, ਪਰ ਯਿਸੂ ਨੇ ਇਸਦਾ ਵਾਅਦਾ ਕੀਤਾ ਹੋਇਆ ਹੈ।

207 ਹੁਣ, ਜੇ ਤੁਸੀਂ ਇੱਕ ਪਲ ਦੇ ਲਈ ਸ਼ਰਧਾ—ਪੂਰਵਕ ਬਣੇ ਰਹੋ, ਤਾਂ ਫਿਰ ਅਸੀਂ ਪ੍ਰਾਰਥਨਾ ਪੰਕਤੀ ਨੂੰ ਸ਼ੁਰੂ ਕਰਾਂਗੇ। ਮੈਂ ਇਹ ਨਹੀ ਕਹਿੰਦਾ ਕਿ ਉਹ ਇਹ ਕਰੇਗਾ। ਹੋ ਸਕਦਾ ਹੈ ਕਿ ਉਹ ਕਰੇ। ਪ੍ਰਮੇਸ਼ਵਰ ਦੀ ਕਿਰਪਾ ਰਾਹੀ ਮੈਂ—ਮੈਂ ਆਪਣੀਆਂ ਸੋਚਾਂ ਤੋਂ ਮੁਕਤ ਹੋ ਗਿਆ ਹਾਂ। ਹੋ ਸਕਦਾ ਹੈ ਕਿ ਉਹ…

208 ਹੁਣ, ਜੇ ਤੁਸੀਂ ਆਪਣੇ ਸਿਰ ਨੂੰ ਉਤਾਂਹ ਚੁੱਕਣਾ ਮਹਿਸੂਸ ਕਰਦੇ ਹੋ, ਤਾਂ ਇਧਰ ਵੇਖੋ ਅਤੇ ਦੁਆ ਕਰਦੇ ਰਹੋ। ਜਿਵੇਂ ਕੀ ਪਤਰਸ ਅਤੇ ਯੂਹੰਨਾ ਨੇ ਆਖਿਆ ਸੀ, "ਸਾਡੀ ਵੱਲ ਵੇਖ" "ਮੇਰੇ ਵੱਲ ਵੇਖ" ਨਹੀ, ਇਹ ਮਤਲਬ ਨਹੀ…ਉਹਨਾਂ ਦਾ ਮਤਲਬ ਸੀ ਕਿ ਜੋ ਉਹ ਆਖ ਰਹੇ ਹਨ, ਉਹਨਾਂ ਗੱਲਾਂ ਉੱਤੇ ਧਿਆਨ ਲਵਾਇਆ ਜਾ ਸਕੇ।

209 ਹੁਣ, ਤੁਸੀਂ ਸਰੋਤੇ ਹੋ। ਤੁਹਾਡੇ ਵਿੱਚੋ ਜੋ ਤੁਸੀਂ ਇੱਥੇ ਹੋ, ਬਾਹਰ ਮਾਰਟਿਨ ਮੁੰਡਿਆਂ ਤੋਂ ਇਲਾਵਾ ਮੁਸ਼ਕਿਲ ਨਾਲ ਹੀ ਕੋਈ ਅਜਿਹਾ ਹੋਵੇਗਾ ਜਿਸਨੂੰ ਕਿ ਮੈਂ ਜਾਣਦਾ ਹੋਵਾਂ। ਅਤੇ ਮੈਂ ਸੋਚਦਾ ਹਾਂ ਕਿ ਇਹ, ਭਾਈ ਡਾਲਟਨ ਹੈ ਜੋ ਇੱਥੇ ਹੇਠਾਂ ਬੈਠੇ ਹੋਏ ਹਨ, ਮੈਨੂੰ ਪੱਕਾ ਨਹੀ ਪਤਾ ਹੈ, ਤੁਸੀਂਜਿਨਾਂ ਨੇ ਰੰਗੀਨ ਐਨਕਾਂ ਲਾਈਆਂ ਹੋਈਆਂ ਹਨ। ਮੈਂ ਇਹਨਾਂ ਨੂੰ ਛੱਡਦਾ ਹੋਇਆ, ਉਹਨਾਂ ਲੋਕਾਂ ਕੋਲ ਆਵਾਂਗਾ, ਜਿਨਾਂ ਨੂੰ ਮੈਂ ਨਹੀ ਜਾਣਦਾ ਹਾਂ।

210 ਚੰਗਾ, ਹੁਣ, ਇੰਝ ਹੋਵੇ ਕੀ ਯਿਸੂ ਮਸੀਹ ਆਪਣੀ ਸਮਰਥ ਨਾਲ ਇੱਥੇ ਆਵੇ, ਤਾਂ ਕਿ ਤੁਸੀਂ ਇਸ ਦਿਨ ਦੇ ਲਈ ਕੀਤੇ ਵਾਅਦੇ ਨੂੰ ਵੇਖ ਸਕੋ ਜੋ ਮਾਲਕੀ 4 ਅਧਿਆਏ ਦੇ ਮੁਤਾਬਿਕ ਇਸ ਦਿਨ ਦੇ ਲਈ ਭਵਿੱਖਬਾਣੀ ਕੀਤੀ ਗਈ ਸੀ, ਇਸਦਾ ਪੂਰਾ ਹੋਣਾ ਜਰੂਰੀ ਹੈ। ਕਿਸੇ ਨੇ ਇਹ ਕਰਨਾ ਹੈ। ਪ੍ਰਮੇਸ਼ਵਰ ਨੇ ਇਸਦਾ ਵਾਅਦਾ ਕੀਤਾ ਹੈ।

211 ਇੱਥੇ ਠੀਕ ਬਾਹਰ ਇੱਕ ਔਰਤ ਬੈਠੀ ਹੋਈ ਹੈ। ਉਸਨੇ ਕੱਲ ਹਸਪਤਾਲ ਜਾਣਾ ਹੈ। ਉਸਦਾ ਮੋਟਰਗੱਡੀ ਰਾਹੀਂ ਐਕਸੀਡੈਂਟ ਹੋ ਗਿਆ ਹੈ। ਉਸਦੇ ਅੰਦਰੂਨੀ ਸੱਟਾਂ ਲੱਗੀਆਂ ਹਨ ਤੇ ਬਾਂਹ ਉੱਤੇ ਵੀ ਸੱਟ ਲੱਗੀ ਹੈ। ਹੇ ਨਾਰੀ, ਕੀ ਤੇਰੇ ਕੋਲ ਕੋਈ ਪ੍ਰਾਰਥਨਾ ਪੱਤਰ ਹੈ? ਤੇਰੇ ਕੋਲ ਨਹੀ ਹੈ। ਕੀ ਮੈਂ ਤੇਰੇ ਲਈ ਪੂਰੀ ਤਰ੍ਹਾਂ ਨਾਲ ਅਜਨਬੀ ਹਾਂ? ਮੈਂ ਤੈਨੂੰ ਨਹੀ ਜਾਣਦਾ ਹਾਂ। ਅਸੀਂ ਇੱਕ ਦੂਸਰੇ ਨੂੰ ਨਹੀ ਜਾਣਦੇ ਹਾਂ। ਮੈਡਮ? ਤੂੰ ਸਿਰਫ ਮੈਨੂੰ ਪ੍ਰਚਾਰ ਕਰਦੇ ਹੋਏ ਹੀ ਸੁਣਿਆ ਹੈ, ਪਰ ਤੂੰ ਜਾਣਦੀ ਹੈਂ ਕਿ ਮੈਂ ਤੇਰੇ ਬਾਰੇ ਕੁਝ ਵੀ ਨਹੀ ਜਾਣਦਾ। ਕੀ ਇਹ ਸਾਰੀਆਂ ਗੱਲਾਂ ਸਚ ਹਨ? ਜਦ ਇਹ ਗੱਲਾਂ ਸਚ ਹਨ, ਤਾਂ ਆਪਣੇ ਹੱਥ ਨੂੰ ਉਪਰ ਚੁਕੋ। ਪ੍ਰਮੇਸ਼ਵਰ ਤੈਨੂੰ ਬਰਕਤ ਦੇਵੇ। ਠੀਕ ਹੈ, ਸ਼੍ਰੀਮਾਨ। ਵਿਸ਼ਵਾਸ਼ ਰੱਖੋ, ਤੁਹਾਨੂੰ ਹਸਪਤਾਲ ਜਾਣ ਦੀ ਲੋੜ ਨਹੀ ਪਵੇਗੀ। ਤੁਹਾਡੀ ਪਰੇਸ਼ਾਨੀ ਜਾਂਦੀ ਰਹੀ ਹੈ।

ਉਸ ਔਰਤ ਨੇ ਕਿਸ ਨੂੰ ਛੂਹਿਆ?

212 ਉੱਥੇ ਉਸ ਔਰਤ ਦੇ ਠੀਕ ਪਿੱਛੇ ਇੱਕ ਆਦਮੀ ਬੈਠਾ ਹੋਇਆ ਹੈ। ਕੀ ਤੁਸੀਂ ਇਸ ਰੋਸ਼ਨੀ ਨੂੰ ਨਹੀ ਵੇਖ ਸਕਦੇ? ਇਸ ਹਰੇ—ਪੀਲੇ ਰੰਗ ਦੀ ਰੋਸ਼ਨੀ ਨੂੰ ਵੇਖੋ, ਇਹ ਘੁੰਮ—ਫਿਰ ਰਹੀ ਹੈ। ਉਸ ਔਰਤ ਦੇ ਠੀਕ ਪਿਛੇ ਇੱਕ ਆਦਮੀ ਬੈਠਾ ਹੋਇਆ ਹੈ। ਉਹ ਕਿਸੇ ਲਈ ਦੁਆ ਕਰ ਰਿਹਾ ਹੈ, ਉਹ ਉਸਦਾ ਭਰਾ ਹੈ ਜੋ ਹਸਪਤਾਲ ਵਿੱਚ ਹੈ। ਕੀ ਤੁਸੀਂ ਵਿਸ਼ਵਾਸ਼ ਕਰਦੇ ਹੋ ਕਿ ਪ੍ਰਮੇਸ਼ਵਰ ਤੁਹਾਡੇ ਭਰਾ ਨੂੰ ਚੰਗਾ ਕਰ ਦੇਵੇਗਾ, ਉਸਨੂੰ ਠੀਕ ਦਿਮਾਗ ਦੇਵੇਗਾ ਅਤੇ ਸਭ ਕੁਝ ਠੀਕ ਹੋ ਜਾਵੇਗਾ? ਕੀ ਤੁਸੀਂ ਇਸਦਾ ਵਿਸ਼ਵਾਸ਼ ਕਰਦੇ ਹੋ? ਮੈਂ ਤੁਹਾਡੇ ਲਈ ਅਜਨਬੀ ਹਾਂ। ਕੀ ਇਹ ਸਚ ਹੈ? ਠੀਕ ਹੈ...ਵਿਸ਼ਵਾਸ਼ ਕਰੋ! ਠੀਕ ਹੈ, ਤੁਸੀਂ ਲੈ ਸਕਦੇ...

ਉਸਨੇ ਕਿਸਨੂੰ ਛੂਹਿਆ?

213 ਉਸਦੇ ਠੀਕ ਪਿੱਛੇ, ਇੱਥੇ ਇੱਕ ਔਰਤ ਬੈਠੀ ਹੋਈ ਹੈ। ਉਹ ਹੈ...ਉਸ ਰੋਸ਼ਨੀ ਨੂੰ ਵੇਖੋ, ਕੀ ਤੁਸੀਂ ਉਸਨੂੰ ਵੇਖ ਸਕਦੇ ਹੋ? *ਇੱਥੇ* ਵੇਖੋ। ਵੇਖੋ, ਹਰ ਕੋਈ ਵੇਖੋ, *ਵੇਖੋ*, ਇਹ ਹਰੇ ਪੀਲੇ ਰੰਗ ਦੀ ਗੋਲਾਕਾਰ ਰੋਸ਼ਨੀ ਹੈ। ਉਸ ਰੋਸ਼ਨੀ ਦੇ ਠੀਕ ਹੇਠਾਂ ਇੱਕ ਔਰਤ ਬੈਠੀ ਹੈ। ਉਹ ਭੈਣ ਇੱਥੇ ਹੈ, ਉਹ ਕਿਸੇ ਹੋਰ ਦੇ ਲਈ ਦੁਆ ਕਰ ਰਹੀ ਹੈ। ਇਹ ਦੋ ਬੱਚੇ, ਉਸਦੇ ਦੋ ਪੋਤੇ, ਪੜਪੋਤੇ ਹਨ ਜਿਨ੍ਹਾਂ ਲਈ ਉਹ ਦੁਆ ਕਰ ਰਹੀ ਹੈ। ਇਹ ਔਰਤ ਇੱਥੋਂ ਦੀ ਰਹਿਣ ਵਾਲੀ ਨਹੀ ਹੈ। ਉਹ ਕੈਲੀਫੋਰਨੀਆ ਤੋਂ ਆਈ ਹੈ ਅਤੇ ਉਹ ਇੱਥੇ ਪ੍ਰਾਰਥਨਾ ਕਰਵਾਉਣ ਲਈ ਆਈ ਹੈ।

214 ਉਸਦੇ ਨਾਲ ਕੋਈ ਹੋਰ ਵੀ ਹੈ। ਇਹ ਉਸਦੀ ਭੈਣ ਹੈ। ਉਸਦੀ ਭੈਣ ਲਾਲ ਰੰਗ ਦੇ ਕੱਪੜੇ ਪਾਏ ਹੋਏ ਠੀਕ ਇੱਥੇ ਪਿੱਛੇ ਬੈਠੀ ਹੋਈ ਹੈ। ਉਸ ਨੂੰ ਮਿਰਗੀ ਦੀ ਬਿਮਾਰੀ ਹੈ। ਇਹ ਸਚ ਹੈ। ਉਹ ਕੈਲੀਫੋਰਨੀਆ ਤੋਂ ਹੈ ਅਤੇ ਤੂੰ ਉਸ ਨੂੰ ਆਪਣੇ ਨਾਲ ਲਿਆਈਂ ਹੈ। ਤੇਰਾ ਨਾਂ ਮਰੀਅਮ ਹੈ। ਤੂੰ ਆਪਣੇ ਸਾਰੇ ਹਿਰਦੇ ਨਾਲ ਨਿਹਚਾ ਕਰਦੀ ਹੈਂ। ਕੀ ਇਹ ਗੱਲਾਂ ਸਚ ਹਨ? ਜੇਕਰ ਇਹ ਗੱਲਾਂ ਸਚ ਹਨ ਤਾਂ ਤੂੰ ਆਪਣੇ ਹੱਥ ਨੂੰ ਹਿਲਾ। ਕੀ ਤੂੰ ਆਪਣੇ ਸਾਰੇ ਹਿਰਦੇ ਨਾਲ ਵਿਸ਼ਵਾਸ਼ ਕਰਦੀ ਹੈ? ਤਾਂ ਜੋ ਕੁਝ ਵੀ ਤੂੰ ਮੰਗਿਆ ਹੈ, ਤੈਨੂੰ ਮਿਲ ਸਕਦਾ ਹੈ। ਹੁਣ, ਜੇਕਰ ਕੋਈ ਵੀ ਪੁੱਛਣਾ ਚਾਹੁੰਦਾ ਹੈ ਤਾਂ ਉਹ ਇਹਨਾਂ ਲੋਕਾਂ ਨੂੰ ਪੁੱਛ ਸਕਦਾ ਹੈਂ ਕੀ ਮੈਂ ਇਹਨਾਂ ਨੂੰ ਜਾਣਦਾ ਹਾਂ...ਨਾਰੀ, ਕੀ ਤੇਰੇ ਕੋਲ ਪ੍ਰਾਰਥਨਾ ਪੱਤਰ ਹੈ? ਤੇਰੇ ਕੋਲ ਨਹੀ ਹੈ? ਤੁਹਾਨੂੰ ਇਸਦੀ ਲੋੜ ਵੀ ਨਹੀ ਹੈ।

215 ਇਥੇ ਲਾਈਨ ਦੇ ਅਖੀਰ ਵਿੱਚ ਪਿੱਛੇ ਇਕ ਆਦਮੀ ਬੈਠਾ ਹੋਇਆ ਹੈ, ਅਤੇ ਉਹ ਮੇਰੇ ਵੱਲ ਵੇਖ ਰਿਹਾ ਹੈ। ਉਸਦੇ ਗੋਡਿਆਂ ਵਿਚ ਤਕਲੀਫ਼ ਹੈ। ਜੇ ਉਹ ਵਿਸ਼ਵਾਸ਼ ਕਰੇ ਕਿ ਪ੍ਰਮੇਸ਼ਵਰ ਉਸ ਦੇ ਗੋਡਿਆਂ ਨੂੰ ਠੀਕ ਕਰ ਦੇਵੇਗਾ, ਤਾਂ ਜਿਸ ਦੇ ਲਈ ਉਹ ਦੁਆ ਕਰ ਰਿਹਾ ਹੈ, ਉਹ ਉਸਦੇ ਲਈ ਹੋ ਜਾਵੇਗਾ। ਕੀ ਤੁਸੀਂ ਇਸਦਾ ਵਿਸ਼ਵਾਸ਼ ਕਰਦੇ ਹੋ? ਠੀਕ ਹੈ, ਸ਼੍ਰੀਮਾਨ ਜੀ, ਤੁਹਾਡੀ ਗੋਡਿਆਂ ਦੀ ਤਕਲੀਫ਼ ਜਾਂਦੀ ਰਹੀ। ਕੀ ਤੁਹਾਡੇ ਕੋਲ ਪ੍ਰਾਰਥਨਾ ਪੱਤਰ ਹੈ? ਕੀ ਤੁਹਾਡੇ ਕੋਲ ਪ੍ਰਾਰਥਨਾ ਪੱਤਰ ਨਹੀ ਹੈ? ਤੁਹਾਨੂੰ ਇਸਦੀ ਲੋੜ ਵੀ ਨਹੀ ਹੈ।

ਹੁਣ, "ਯਿਸੂ ਮਸੀਹ, ਕੱਲ੍ਹ, ਅੱਜ ਅਤੇ ਯੁੱਗੋ—ਯੁੱਗ ਇੱਕੋ ਜਿਹਾ ਹੈ!"

216 ਇੱਥੇ ਇੱਕ ਔਰਤ ਬੈਠੀ ਹੋਈ ਹੈ, ਜਿਸਨੂੰ ਇਸਤਰੀ ਰੋਗ ਹੈ। ਕੀ ਤੂੰ ਇਸਦਾ ਵਿਸ਼ਵਾਸ਼ ਕਰਦੀ ਹੈ? ਹਾਂ ਜੀ, ਉਹ ਔਰਤ.... ਔਹ, ਮੇਰੇ ਖੁਦਾ, ਉਹ ਇਸ ਤੋਂ ਰਹਿ ਚੱਲੀ ਸੀ। ਉਸਨੇ ਲਾਲ ਰੰਗ ਦਾ ਕੋਟ ਪਾਇਆ ਹੋਇਆ ਹੈ। ਉਸਦਾ ਨਾਂ ਕੁਮਾਰੀ ਡੇਲੀ ਹੈ। ਤੂੰ ਆਪਣੇ ਸਾਰੇ ਹਿਰਦੇ ਨਾਲ ਵਿਸ਼ਵਾਸ਼ ਕਰ। ਕੁਮਾਰੀ ਡੇਲੀ ਯਿਸੂ ਮਸੀਹ ਤੈਨੂੰ ਚੰਗਾ ਕਰਦਾ ਹੈ।

217 ਪੁੱਛੋ, ਕੀ ਮੈਂ ਇਸ ਜਨਾਨੀ ਨੂੰ ਜਾਣਦਾ ਹਾਂ? ਮੈਂ ਉਸਨੂੰ ਆਪਣੀ ਜਿੰਦਗੀ ਵਿੱਚ ਕਦੇ ਨਹੀ ਵੇਖਿਆ। ਸਵਰਗੀ ਪਿਤਾ ਇਹ ਜਾਣਦਾ ਹੈ।

ਤੁਸੀਂ ਆਖਦੇ ਹੋ, "ਤੁਸੀਂ ਉਸਨੂੰ ਉਸਦਾ ਨਾਂ ਲੈ ਕੇ ਕਿਉ ਬੁਲਾਇਆ ਹੈ?"

218 ਚੰਗਾ, ਯਿਸੂ ਨੇ ਆਖਿਆ ਸੀ, "ਤੇਰਾ ਨਾਂ ਸ਼ਮਾਊਨ ਹੈ, ਅਤੇ ਤੂੰ ਯੋਨਾਹ ਦਾ ਪੁੱਤਰ ਹੈਂ।" ਕੀ ਇਹ ਸਹੀ ਹੈ? ਹੁਣ, ਕੀ ਇਹ ਉਹੋ ਹੀ ਨਹੀ ਹੈ, ਜੋ ਕੱਲ, ਅੱਜ ਅਤੇ ਯੁੱਗੋ—ਯੁੱਗ ਇੱਕੋ ਜਿਹਾ ਹੈ? ਕੀ ਤੁਸੀਂ ਵਿਸ਼ਵਾਸ਼ ਕਰਦੇ ਹੋ ਕਿ ਇਹ ਸਚ ਹੈ? ਹੁਣ, ਯਿਸੂ ਨੇ ਆਖਿਆ ਸੀ? ਇਸ ਤਰ੍ਹਾਂ ਹੋਵੇਗਾ।

219 ਅਤੇ ਯਾਦ ਰਹੇ, ਚੁਣੀ ਹੋਈ ਕਲੀਸਿਯਾ ਅਬਰਾਹਾਮ ਅਤੇ ਉਸ ਦੇ ਵੰਸ਼ ਨੂੰ ਵਾਅਦਾ ਕੀਤਾ ਪੁੱਤਰ ਦੇ ਪ੍ਰਗਟ ਹੋਣ ਤੋਂ ਪਹਿਲਾਂ, ਇਹੋ ਹੀ ਇਹੋ ਹੀ ਅਖੀਰਲਾ ਨਿਸ਼ਾਨ ਦਿੱਤਾ ਗਿਆ ਸੀ। ਕੀ ਇਹ ਠੀਕ ਹੈ? ਪ੍ਰਮੇਸ਼ਵਰ ਨੇ ਅਬਰਾਹਾਮ ਨੂੰ ਉਸਦੀ ਯਾਤਰਾ ਦੇ ਦੌਰਾਨ ਨਿਸ਼ਾਨ ਦਿੱਤੇ ਸਨ ਅਤੇ ਇਹੋ ਹੀ ਪ੍ਰਮੇਸ਼ਵਰ ਨੇ ਕਲੀਸਿਯਾ ਨਾਲ ਵੀ ਕੀਤਾ ਹੈ। ਪਰ ਜਦੋਂ ਪ੍ਰਮੇਸ਼ਵਰ ਦਾ ਦੂਤ ਹੇਠਾਂ ਆਇਆ ਅਤੇ ਉਸਨੇ ਇਹੋ ਕੀਤਾ, ਉਸਨੇ ਬੇਪ੍ਰਤੀਤੀ ਕਰਨ ਵਾਲੀਆਂ ਪਰਾਈਆਂ ਕੌਮਾਂ ਨੂੰ ਨਾਸ਼ ਕਰ ਦਿੱਤਾ, ਅਤੇ ਤਦ ਵਾਦਾ ਕੀਤਾ ਹੋਇਆ ਪੁੱਤਰ ਜਿਸ ਦੀ ਉਡੀਕ ਕੀਤੀ ਜਾ ਰਹੀ ਸੀ ਇਸਹਾਕ ਪ੍ਰਗਟ ਹੋਇਆ।

220 ਇਹ ਸੇਵਕਾਈ ਛੇਤੀ ਹੀ ਸਮਾਪਤ ਹੋ ਜਾਵੇਗੀ ਅਤੇ ਆਸ ਕੀਤਾ ਹੋਇਆ ਪੁੱਤਰ ਆਪਣੇ ਆਪ ਨੂੰ ਪ੍ਰਗਟ ਕਰੇਗਾ। ਕਲੀਸਿਯਾ ਲੂਥਰ ਦੇ ਧਰਮੀ ਠਹਿਰਾਏ ਜਾਣ : ਵੈਸਲੀ ਦੇ ਪਵਿੱਤਰ ਕੀਤੇ ਜਾਣ: ਅਤੇ ਪੈਂਤੀਕਾਸਟਲਾਂ ਰਾਹੀਂ ਪਵਿੱਤਰ ਆਤਮਾ ਦਾ ਬਪਤਿਸਮਾ ਪਾਉਣ ਦੀਆਂ ਸਥਿਤੀਆਂ ਵਿੱਚੋਂ ਦੀ ਲੰਘਦੀ ਹੋਈ, ਹੁਣ ਸਿਰੇ ਦੇ ਪੱਥਰ ਦੀ ਸੇਵਕਾਈ ਵਿੱਚ ਆ ਗਈ ਹੈ, ਹਰੇਕ ਕਾਲ ਦੀ ਸੇਵਕਾਈ ਇਸ ਸਿੱਧ—ਸੰਪੂਰਨ ਸੇਵਕਾਈ ਦਾ ਨਮੂਨਾ ਸੀ। ਨਕਾਰਾਤਮਕ ਪਰਛਾਵਾਂ ਸਕਾਰਾਤਮਕ ਬਣ ਰਿਹਾ ਹੈ, ਤਦ ਯਿਸੂ ਕਿਸੇ ਦਿਨ ਆਪਣੀ ਕਲੀਸਿਯਾ ਨੂੰ ਜੋ ਉਸਦਾ ਵਿਸ਼ਵਾਸ਼ ਕਰਦੇ ਹਨ, ਲੈਣ ਲਈ ਆਵੇਗਾ।

221 ਅੱਜ ਰਾਤ ਵਿਸ਼ਵਾਸ਼ ਕਰੋ ਅਤੇ ਆਪਣੇ ਆਪ ਨੂੰ ਸਾਰੀ ਬੇਪ੍ਰਤੀਤੀ ਨਾਲੋਂ ਅਲੱਗ ਕੇ ਲਉ। ਕੀ ਤੁਸੀਂ ਇਹ ਕਰੋਗੇ? [ਸਭਾ ਆਖਦੀ ਹੈ, "ਅਮੀਨ" ਸੰਪਾਦਕ]

222 ਆਉ ਅਸੀਂ ਉਹਨਾਂ ਲੋਕਾਂ ਲਈ ਦੁਆ ਕਰੀਏ, ਜਿਨਾਂ ਕੋਲ ਪ੍ਰਾਰਥਨਾ ਪੱਤਰ ਹਨ... ਮੇਰਾ ਯਕੀਨ ਹੈ ਕਿ ਬੀਤੀ ਰਾਤ ਮੈਂ ਪੱਚੀ ਤੱਕ ਦੁਆ ਕੀਤੀ ਸੀ। ਕੀ ਇਹ ਠੀਕ ਹੈ? ਮੈਂ ਸੋਚਦਾ ਹਾਂ ਕਿ ਇਹੋ ਹੀ ਹੋਇਆ ਸੀ, ਨੰਬਰ ਇੱਕ, ਪੱਚੀ। ਹੁਣ ਛੱਬੀ, ਸਤਾਈ, ਅਠਾਈ, ਤੀਹ, ਉਤਾਂਹ ਲਾਈਨ ਵਿੱਚ ਆ ਜਾਉ। ਪ੍ਰਾਰਥਨਾ ਪੱਤਰ ਨੰਬਰ ਇੱਕ ਨਾਲ, *ਇੱਥੇ* ਉਤਾਂਹ ਇਸ ਪਾਸੇ ਲਾਈਨ ਵਿੱਚ ਆ ਜਾਉ। ਕੀ ਤੁਸੀਂ ਹੁਣ ਇਹ ਕਰੋਗੇ?

223 ਹੁਣੇ ਹੀ ਅਸੀਂ ਪ੍ਰਾਰਥਨਾ—ਪੱਤਰ ਤੋਂ ਬਿਨਾਂ ਹੀ ਲੋਕਾਂ ਬਾਰੇ ਦੱਸਿਆ ਹੈ। ਇਸ ਲਈ ਲੋਕ ਆਖਦੇ ਹਨ ਕਿ ਮੈਂ ਉਹਨਾਂ ਦੇ ਪ੍ਰਾਰਥਨਾ ਪੱਤਰਾਂ ਨੂੰ ਪੜ੍ਹ ਕੇ ਉਹਨਾਂ ਬਾਰੇ ਦੱਸਦਾ ਹਾਂ। ਇਹ ਲੋਕ...ਉਹਨਾਂ ਲੋਕਾਂ ਕੋਲ ਕੋਈ ਪ੍ਰਾਰਥਨਾ ਪੱਤਰ ਨਹੀ ਸੀ। ਉਹ ਤਾਂ ਬਸ ਉੱਥੇ ਬੈਠੇ ਹੋਏ ਲੋਕ ਸਨ ਅਤੇ ਹੁਣ ਇਹ ਪ੍ਰਗਟ ਹੋ ਰਿਹਾ ਹੈ। ਕਿੰਨੇ ਇਸ ਨੂੰ ਲਗਭਗ ਅੱਧਾ ਘੰਟਾ ਜਾਂ ਇਸ ਤੋਂ ਵੱਧ ਸਮੇਂ ਦੇ ਲਈ ਵੇਖ ਚੁੱਕੇ ਹਨ, ਵੇਖੋ ਅਤੇ ਇਹ ਗੱਲਾਂ ਵਾਪਰੀਆਂ ਹਨ। ਪਰ, ਤੁਸੀਂ ਵੇਖੋ, ਇਹਨਾਂ ਸਭ ਗੱਲਾਂ ਨਾਲ ਸਾਨੂੰ ਹੋਰ ਜਿਆਦਾ ਸ਼ਕਤੀ ਪ੍ਰਾਪਤ ਹੁੰਦੀ ਹੈ। ਦੱਖਣ ਵਿੱਚ ਮੈਂ ਲਗਭਗ ਚਾਲੀ ਬੰਦਗੀਆਂ ਕੀਤੀਆਂ ਸਨ।

224 ਹੁਣ, ਤੁਸੀਂ ਆਪਣਾ ਪ੍ਰਾਰਥਨਾ ਪੱਤਰਾਂ ਨੂੰ ਲੈ ਕੇ *ਇਸ ਪਾਸੇ* ਵੱਲ ਆ ਜਾਉ। ਸਾਰੇ ਹੀ ਜਿਨ੍ਹਾਂ ਦੇ ਕੋਲ A ਅੱਖਰ ਦਾ ਪ੍ਰਾਰਥਨਾ ਪੱਤਰ ਹੈ *ਇਸ* ਪਾਸੇ ਆ ਜਾਉ।

225 ਹੁਣ ਅਸੀਂ ਬਾਕੀ ਜਣੇ ਆਉ ਪ੍ਰਮੇਸ਼ਵਰ ਲਈ ਇਸ ਗੀਤ ਨੂੰ ਗਾਈਏ, ਕੇਵਲ *ਵਿਸ਼ਵਾਸ਼। ਕੀ* ਤੁਸੀਂ ਅਜਿਹਾ ਕਰੋਗੇ? ਆਉ ਅਸੀਂ ਸਾਰੇ ਇਕੱਠੇ ਮਿਲ ਕੇ ਇਸ ਗੀਤ ਨੂੰ ਗਾਈਏ।

ਕੇਵਲ...(ਬਸ ਇਨ੍ਹਾਂ ਹੀ, ਵਿਸ਼ਵਾਸ ਕਰੋ ਕੀ? ਉਸਦੇ ਵਚਨ ਦਾ ਵਿਸ਼ਵਾਸ ਕਰੋ)...ਸਿਰਫ ਵਿਸ਼ਵਾਸ ਕਰੋ,
ਸਭ ਗੱਲਾਂ ਸੰਭਵ ਹਨ, ਕੇਵਲ ਵਿਸ਼ਾਵਾਸ ਕਰੋ;
ਕੇਵਲ ਵਿਸ਼ਵਾਸ ਕਰੋ...

ਪ੍ਰਭੂ...ਪ੍ਰਭੂ...

226 [ਭਾਈ ਬ੍ਰਾਨਹਮ ਕਿਸੇ ਨੂੰ ਮੰਚ ਉੱਤੇ ਆਉਣ ਲਈ ਆਖਦੇ ਹਨ—ਸੰਪਾ] ਹੋ ਸਕਦਾ ਹੈ ਕਿ ਮੈਂ ਹੇਠਾਂ ਜਾ ਸਕਾਂ, ਸ਼ਾਇਦ ਇਹ ਵਧੀਆ ਰਹੇਗਾ? ਕੀ ਅਸੀਂ *ਹੇਠਾਂ* ਜਾ ਸਕਦੇ ਹਾਂ ਤਾਂ ਕਿ ਬਿਮਾਰਾਂ ਲਈ ਦੁਆ ਕਰੀਏ? ਹੇਠਾਂ ਜਾ ਕੇ ਬਿਮਾਰਾਂ ਲਈ ਦੁਆ ਕਰੀਏ? ਜਾਪਦਾ ਹੈ ਕੀ ਅਸੀਂ ਇਹ ਕਰ ਸਕਦੇ ਹਾਂ।

227 ਕਿੰਨੇ ਇਹਨਾਂ ਲੋਕਾਂ ਨੂੰ ਚੰਗਾਈ ਪ੍ਰਾਪਤ ਕਰਦੇ ਵੇਖਣ ਵਿੱਚ ਦਿਲਚਸਪੀ ਰੱਖਦੇ ਹਨ? ਹੁਣ, ਵੇਖੋ ਚੰਗਾਈ ਪ੍ਰਮੇਸ਼ਵਰ ਨਾਲ ਸੰਬੰਧ ਰਖਦੀ ਹੈ। ਕੀ ਇਹ ਠੀਕ ਗੱਲ ਹੈ? ਹੁਣ ਜੇਕਰ ਯਿਸੂ ਇਹਨਾਂ ਕਪੜਿਆਂ ਨੂੰ ਪਾ ਕੇ ਜੋ ਉਸਨੇ ਮੈਨੂੰ ਦਿੱਤੇ ਹਨ, ਇੱਥੇ ਖਲੋਤਾ ਹੋਵੇ, ਅਤੇ ਅੱਜ ਰਾਤ ਯਿਸੂ ਨੇ ਖੁਦ ਇਹ ਕਪੜੇ ਪਾਏ ਹੋਣ...

ਜੇਕਰ ਤੁਸੀਂ ਆਖੋ, “ਪ੍ਰਭੂ, ਕੀ ਤੂੰ ਮੈਨੂੰ ਚੰਗਾ ਕਰੇਂਗਾ?”

228 ਉਹ ਕਹੇਗਾ, “ਮੈਂ ਤਾਂ ਇਹ ਪਹਿਲਾਂ ਹੀ ਕਰ ਚੁੱਕਾ ਹਾਂ।” “ਉਹ ਸਾਡੇ ਹੀ ਪਾਪਾਂ ਦੇ ਕਾਰਨ ਕੁਚਲਿਆ ਗਿਆ, ਉਸਦੇ ਕੋੜੇ ਖਾਣ ਤੋਂ ਅਸੀਂ ਚੰਗੇ ਹੋ ਗਏ।” ਕੀ ਇਹ ਠੀਕ ਹੈ? ਵੇਖੋ, ਉਸ ਨੇ ਤਾਂ ਪਹਿਲਾਂ ਹੀ ਇਹ ਕਰ ਦਿੱਤਾ ਹੈ, ਬੀਤੇ ਸਮੇਂ ਵਿਚ ਕਰ ਦਿੱਤਾ ਹੈ।

229 ਤੁਸੀਂ ਕਹਿੰਦੇ ਹੋ, “ਪ੍ਰਭੂ, ਮੈਨੂੰ ਬਚਾ ਲੈ।” ਉਹ ਤਾਂ ਪਹਿਲਾਂ ਹੀ ਇਹ ਕਰ ਚੁੱਕਾ ਹੈ। ਇਸਦਾ ਕੋਈ ਮਤਲਬ ਨਹੀ ਕਿ ਤੁਸੀਂ ਕਿੰਨਾ ਕੁ ਰੋਂਦੇ ਹੋ, ਕਿੰਨੀ ਕੁ ਦੁਆ ਕਰਦੇ ਹੋ ਅਤੇ ਕਿੰਨਾ ਕੁ ਬੈਂਚਾਂ ਨੂੰ ਕੁਟਦੇ ਹੋ, ਇਸ ਨਾਲ ਤੁਸੀਂ ਬਚੇ ਨਹੀ ਜਾਉਗੇ, ਜਦੋਂ ਤੱਕ ਕਿ ਤੁਸੀਂ ਵਿਸ਼ਵਾਸ਼ ਨਾ ਕਰੋ ਅਤੇ ਇਹ ਕਬੂਲ ਨਾ ਕਰੋ ਕਿ ਯਿਸੂ ਨੇ ਇਹ ਸਭ ਤੁਹਾਡੇ ਲਈ ਕਰ ਦਿੱਤਾ ਹੈ। ਕੀ ਇਹ ਠੀਕ ਹੈ?

230 ਬਿਲਕੁਲ ਇਹੋ ਹੀ ਗੱਲ ਹੈ। ਮੈਂ ਲੋਕਾਂ ਨੂੰ ਚੰਗੇ ਨਹੀ ਕਰਦਾ। ਮੈਂ ਲੋਕਾਂ ਨੂੰ ਚੰਗੇ ਨਹੀ ਕਰ ਸਕਦਾ। ਪਰ, ਪ੍ਰਮੇਸ਼ਵਰ ਹੀ ਕਰੇਗਾ, ਜੇਕਰ ਉਹ ਕੱਲ੍ਹ ਅੱਜ ਅਤੇ ਯੁੱਗੋ—ਯੁੱਗ ਇੱਕੋ ਜਿਹਾ ਹੈ? ਜੋ ਉਸਨੇ ਹੁਣ ਕੀਤਾ ਹੈ, ਉਹ ਹੀ ਉਹ ਕਰੇਗਾ, ਕਿਉਂਕਿ ਇਹਨਾਂ ਹੀ ਗੱਲਾਂ ਦਾ ਵਾਅਦਾ ਉਸਨੇ ਇਸ ਸਮੇਂ ਲਈ ਕੀਤਾ ਹੈ। ਕਿੰਨੇ ਇਸ ਗੱਲ ਨੂੰ ਜਾਣਦੇ ਹਨ ਕਿ ਇਹ ਹੀ ਉਹ ਹੈ ਜਿਸਦਾ ਉਸਨੇ ਵਾਅਦਾ ਕੀਤਾ ਹੈ? [ਸਭਾ ਆਖਦੀ ਹੈ, “ਆਮੀਨ”—ਸੰਪਾ] ਉਸਨੇ ਇਸ ਗੱਲ ਦਾ ਵਾਅਦਾ ਕੀਤਾ ਹੈ। ਜੀ ਹਾਂ, ਸ਼੍ਰੀਮਾਨ। ਉਸਨੇ ਸਾਰੇ ਹੀ ਵਚਨ ਵਿਚ ਇਸ ਗੱਲ ਦਾ ਵਾਅਦਾ ਕੀਤਾ ਹੈ। *ਸੱਤ ਕਲੀਸਿਯਾਈ ਯੁੱਗ* ਅਤੇ ਦੂਸਰੇ ਸੰਦੇਸ਼ਾਂ ਨੂੰ ਸੁਣ ਕੇ ਵੇਖੋ ਕਿ ਇਹ ਸਭ ਗੱਲਾਂ ਵਚਨ ਦੇ ਅਨੁਸਾਰ ਸਚ ਸਾਬਤ ਹੋਈਆਂ ਹਨ। ਇਹ ਸਭ ਸਚ ਹਨ।

231 ਹੁਣ, ਤੁਸੀਂ ਜਿਹੜੇ ਪ੍ਰਾਰਥਨਾ ਕਰਵਾਉਣ ਵਾਲਿਆਂ ਦੀ ਪੰਕਤੀਵਿਚ ਖੜ੍ਹੇ ਹੋ, ਗੁਪਤ ਗੱਲਾਂ ਨੂੰ ਪ੍ਰਗਟ ਕਰਵਾਉਣ ਵਾਲਿਆਂ ਦੀ ਪੰਕਤੀ ਵਿਚ ਆਏ ਹੋ। ਯਿਸੂ ਨੇ ਦਰਸ਼ਨ ਵੇਖਿਆ ਅਤੇ ਉਸਨੇ ਆਖਿਆ, "ਮੈਂ ਮਹਿਸੂਸ ਕਰਦਾ ਹਾਂ ਕਿ ਮੇਰੇ ਵਿਚੋਂ ਸ਼ਕਤੀ ਨਿਕਲੀ ਹੈ।" ਇਹੋ ਹੀ ਸਮਰਥਾ ਹੈ। ਕੀ ਇਹ ਠੀਕ ਗੱਲ ਹੈ? ਦਰਸ਼ਨ, ਤੁਸੀਂ ਦੂਸਰੇ ਸੰਸਾਰ ਵਿਚ ਹੋ। ਹੁਣ, ਉਹ ਇਥੇ ਹੈ। ਇਹ ਉਹ ਹੈ ਜਿਸਨੂੰ ਤੁਸੀਂ ਛੂਹਿਆ ਹੈ। ਸਮਝੇ? ਹੁਣ ਇਸ ਤੋਂ ਸਿਰਫ ਇਹੋ ਜਾਹਿਰ ਹੁੰਦਾ ਹੈ ਕੀ ਉਹ ਇਥੇ ਸਾਡੇ ਨਾਲ ਹੈ।

232 ਹੁਣ ਜੇਕਰ ਮੈਂ ਇਸ ਪ੍ਰਾਰਥਨਾ ਪੰਕਤੀ ਦੇ ਵਿਚੋਂ ਦੀ ਗੁਜਰਾਂ ਅਤੇ ਦੁਆ ਕਰਾਂ ਅਤੇ ਤੁਹਾਡੇ ਉੱਤੇ ਆਪਣੇ ਹਥਾਂ ਨੂੰ ਰੱਖਾਂ ਅਤੇ ਤੁਸੀਂ ਆਪਣੀਆਂ ਆਪਣੀਆਂ ਥਾਵਾਂ ਨੂੰ ਵਾਪਿਸ ਚਲੇ ਜਾਉ, ਤਾਂ ਕਿੰਨੇ ਲੋਕ ਨਿਹਚਾ ਕਰਨਗੇ ਕਿ ਸਿਰਫ ਅਜਿਹਾ ਕਰਨ ਨਾਲ ਤੁਸੀਂ ਚੰਗੇ ਹੋ ਜਾਉਗੇ? ਕਿ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਜੇ ਮੈਂ ਤੁਹਾਡੇ ਲਈ ਦੁਆ ਕਰਾਂ ਅਤੇ ਫਿਰ ਆਪਣੇ ਹੱਥ ਤੁਹਾਡੇ ਉਤੇ ਧਰਾਂ, ਤਾਂ ਤੁਹਾਡੇ ਵਿਚੋ ਹਰ ਹਰੇਕ ਚੰਗਾ ਹੋ ਜਾਵੇਗਾ?

233 ਕੀ ਤੁਸੀਂ ਨਿਹਚਾ ਕਰਦੇ ਹੋ ਕਿ ਉਹ ਪਵਿੱਤਰ ਆਤਮਾ ਇੱਥੇ ਸੀ? ਇਹ ਕੇਵਲ ਅਜਿਹਾ ਹੀ ਕਰ ਸਕਦਾ ਹੈ। ਜੇ ਤੁਸੀਂ ਚਾਹੁੰਦੇ ਹੋ ਕਿ ਇਸ ਪ੍ਰਾਰਥਨਾ ਪੰਕਤੀ ਨੂੰ ਤੋੜ ਕੇ, ਕੁਝ ਹੋਰ ਲੋਕਾਂ ਲਈ ਸਥਾਨ ਬਣਾਈਆ ਜਾਵੇ, ਕਿਉਂ, ਅਸੀਂ ਇਹ ਕਰਾਂਗੇ। ਵੇਖੋ, ਇਹ ਤਾਂ ਪਵਿੱਤਰ ਆਤਮਾ ਹੀ ਹੈ। ਸਮਝ ਲੱਗੀ? ਇਹ ਨਹੀ...ਇਹ ਤੁਹਾਡੀ ਸੋਚ ਸਮਝ ਤੋ ਪਰੇ ਹੈ, ਤੁਸੀਂ ਉਸਦਾ ਹੋਰ ਬਹੁਤਾ ਵਿਸ਼ਵਾਸ ਕਰੋ।

234 ਪਰ ਬਹੁਤੇ ਲੋਕਾਂ ਨੂੰ ਇਹ ਸਿਖਾਇਆ ਗਿਆ ਹੈ, "ਆਪਣੇ ਹੱਥ ਓਹਨਾ ਉੱਤੇ ਧਰੋ।" ਬਾਈਬਲ ਆਖਦੀ ਹੈ, "ਓਹ ਆਪਣਾ ਵਚਨ ਘੱਲ ਕੇ ਉਹਨਾਂ ਨੂੰ ਚੰਗਾਂ ਕਰਦਾ ਹੈ।" ਠੀਕ ਹੈ, ਇਹੋ ਹੀ ਉਸ ਨੇ ਹੁਣ ਕੀਤਾ ਹੈ, ਆਪਣਾ ਵਚਨ ਤੁਹਾਡੇ ਕੋਲ ਘੱਲਿਆ ਹੈ, ਅਤੇ ਉਸ ਨੂੰ ਸੱਚ ਸਾਬਿਤ ਕੀਤਾ ਹੈ, ਇਸੇ ਨੇ ਹੀ ਓਹਨਾਂ ਨੂੰ ਚੰਗਾ ਕੀਤਾ ਹੈ। ਪਰਾਈ ਕੋਮਾਂ ਨੇ ਆਖਿਆ...

ਯਹੂਦੀਆਂ ਨੇ ਆਖਿਆ, "ਆਉ, ਮੇਰੀ ਬੇਟੀ ਤੇ ਹੱਥ ਰੱਖੋ, ਉਹ ਜੀਵੇਗੀ।"

235 ਉਸ ਰੋਮੀ ਸੂਬੇਦਾਰ ਨੇ ਆਖਿਆ, "ਮੈਂ ਇਸ ਦੇ ਯੋਗ ਨਹੀ ਹਾਂ, ਕਿ ਤੂੰ ਮੇਰੇ ਘਰ ਦੀ ਛੱਤ ਹੇਠ ਆਵੇਂ। ਸਿਰਫ ਤੂੰ ਵਚਨ ਹੀ ਬੋਲ ਦੇ।" ਠੀਕ ਅਜਿਹਾ ਹੀ ਵਿਸ਼ਵਾਸ ਮੈਂ ਤੁਹਾਡੇ ਕੋਲੋਂ ਕਰਵਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ, ਵੇਖਿਆ।

236 ਪਰ ਜੇਕਰ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਲਈ ਦੁਆ ਕੀਤੀ ਜਾਵੇ, ਅਤੇ ਤੁਹਾਡੇ ਉੱਤੇ ਹੱਥਾਂ ਨੂੰ ਰੱਖਿਆ ਜਾਵੇ, ਹੁਣ ਮੈਂ ਚਾਹੁੰਦਾ ਹਾਂ ਕਿ ਜਦੋਂ ਮੈਂ ਇਹਨਾਂ ਲੋਕਾਂ ਦੇ ਲਈ ਦੁਆ ਕਰਦਾ ਹਾਂ ਤਾਂ ਤੁਸੀਂ ਸਾਰੇ ਜਣੇ ਮੇਰੇ ਨਾਲ ਦੁਆ ਕਰੋ।

ਆਉ ਅਸੀਂ ਆਪਣੇ ਸਿਰਾਂ ਨੂੰ ਝੁਕਾਈਏ।

237 ਪ੍ਰਭੂ, ਯਿਸੂ ਹੁਣ ਮੈਂ ਇਹਨਾਂ ਲੋਕਾਂ ਲਈ ਦੁਆ ਕਰਦਾ ਹਾਂ। ਇਹ ਲੋਕ ਇਸ ਗੱਲ ਤੋਂ ਜਾਣੂ ਹਨ ਕਿ ਤੂੰ ਇੱਥੇ ਖਲੋਤਾ ਹੋਇਆ ਹੈਂ। ਇਹ ਜਾਣਦੇ ਹਨ ਕਿ ਤੂੰ ਇਹਨਾਂ ਲੋਕਾਂ ਦੇ ਵਿਚਕਾਰ ਹੈਂ। ਅਤੇ ਅੱਜ ਰਾਤ ਇਹ ਲੋਕ ਇਸ ਮੰਚ ਦੇ ਲਾਗਿਉਂ ਦੀ ਲੰਗਣ, ਹੋਣ ਦੇ ਕਿ ਇਹ ਬਸ ਮੇਰੇ ਕੋਲ ਜੋ ਤੇਰਾ ਦਾਸ ਹਾਂ ਨਾ ਆਉਣ ਅਤੇ ਨਾ ਹੀ ਇਹਨਾਂ ਤੇਰੇ ਸੇਵਕਾਂ ਕੋਲ ਆਉਣ ਜੋ ਇਥੇ ਬੈਠੇ ਹੋਏ ਹਨ। ਹੋਣ ਦੇ ਕਿ ਇਹ ਲੋਕ ਮਹਿਸੂਸ ਕਰਨ ਕਿ ਉਹ ਜਿਉਂਦੇ ਪ੍ਰਮੇਸ਼ਵਰ ਦੀ ਹੈਕਲ ਦੇ ਕੋਲ ਆ ਰਹੇ ਹਨ। ਉਹ ਉਸਦੇ ਵਾਅਦੇ ਰਾਹੀ ਇੱਥੇ ਹਨ, ਜੋ ਕਿ ਪ੍ਰਮੇਸ਼ਵਰ ਨੇ ਆਖਿਆ ਸੀ, "ਨਿਹਚਾ ਕਰਣ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ। ਜਦੋਂ

ਉਹ ਬਿਮਾਰਾਂ ਉੱਤੇ ਆਪਣੇ ਹੱਥ ਰਖਣਗੇ, ਤਾਂ ਬੀਮਾਰ ਚੰਗੇ ਹੋ ਜਾਣਗੇ।" ਪ੍ਰਮੇਸ਼ਵਰ ਨੇ ਹੀ ਇਸਦਾ ਵਾਅਦਾ ਕੀਤਾ ਹੈ। ਉਸਨੇ ਵਾਅਦਾ ਕੀਤਾ ਹੈ ਕੀ ਜੋ ਕੋਈ ਵੀ ਨਿਹਚਾ ਕਰੇਗਾ, ਉਹ ਮੁਕਤੀ ਪਵੇਗਾ ਅਤੇ ਹਰੇਕ ਜੋ ਉਸ ਤੇ ਨਿਹਚਾ ਕਰਦਾ ਹੈ, ਉਹ ਮੁਕਤੀ ਪਾ ਲੈਂਦਾ ਹੈ। ਹਰੇਕ ਜੋ ਚੰਗਾਈ ਵਿਚ ਨਿਹਚਾ ਰਖਦਾ ਹੈ, ਚੰਗੀ ਪਾ ਲੈਂਦਾ ਹੈ। ਪਿਤਾ, ਹੁਣ ਸਾਡੀ ਬੇਪ੍ਰਤੀਤੀ ਨੂੰ ਦੂਰ ਕਰ।

238 ਤੂੰ ਅੱਜ ਰਾਤ ਆਪਣੇ ਆਪ ਨੂੰ ਲਿਖਤਾਂ ਰਾਹੀਂ ਪ੍ਰਗਟ ਕੀਤਾ ਹੈ, ਤਾਂ ਕਿ ਸਾਨੂੰ ਵਿਖਾਵੇਂ ਕਿ ਤੂੰ ਇੱਥੇ ਹੈਂ। ਹੁਣ ਹੋਣ ਦੇ ਕਿ ਸਰੋਤਿਆਂ ਵਿਚੋਂ ਜਿਹੜਾ ਵੀ ਵਿਅਕਤੀ ਇਸ ਮੰਚ ਉੱਤੇ ਆਵੇ, ਅਤੇ ਹੋਣ ਦੇ ਉਹਨਾਂ ਸਾਰਿਆਂ ਵਿੱਚੋਂ ਕੋਈ ਵੀ ਦੁਰਬਲ ਨਾ ਰਹੇ, ਜਦੋਂ ਅਸੀਂ ਇਸ ਬੰਦਗੀ ਨੂੰ ਸਮਾਪਤ ਕਰੀਏ। ਪ੍ਰਭੂ ਹੋਣ ਦੇ ਕਿ ਮਹਾਨ ਪਵਿੱਤਰ ਆਤਮਾ ਆਪਣੇ ਲੋਕਾਂ ਦੇ ਵਿੱਚ ਆਵੇ ਅਤੇ ਸਾਡੇ ਵਿੱਚੋਂ ਹਰੇਕ ਨੂੰ ਮਸਹ ਕਰੇ, ਇੱਥੇ ਬੇਠੇ ਹੋਏ ਸਾਰੇ ਸੇਵਕਾਂ ਨੂੰ ਅਤੇ ਤੇਰੇ ਸਾਰੇ ਦਾਸਾਂ ਨੂੰ ਅਤੇ ਇੱਥੇ ਬੈਠੇ ਸੈਂਕੜੇ ਲੋਕਾਂ ਨੂੰ ਮਹਾਨ ਪਵਿੱਤਰ ਆਤਮਾ ਮਸਹ ਕਰੇ। ਪਿਤਾ, ਜਦੋਂ ਕਿ ਅਸੀਂ ਤੇਰੀ ਰੱਬੀ ਹਜ਼ੂਰੀ ਵਿੱਚ ਹਾਂ, ਤਾਂ ਮੈਂ ਦੁਆ ਕਰਦਾ ਹਾਂ ਕਿ ਸਾਡੀ ਹਰੇਕ ਬਿਨਤੀ ਤੇਰੇ ਹਜ਼ੂਰ ਪਹੁੰਚ ਜਾਵੇ। ਅਤੇ ਹੋਣ ਦੇ ਕਿ ਜਦ ਇਹ ਲੋਕ ਇਸ ਮੰਚ ਦੇ ਲਾਗਿਉਂ ਦੇ ਲੰਘਣ ਤਾਂ ਉਹ ਸਮਝ ਜਾਣ ਕਿ ਅੱਜ ਦੀ ਰਾਤ ਉਹਨਾਂ ਦੇ ਚੰਗੇ ਹੋਣ ਦੀ ਰਾਤ ਹੈ, ਜੇ ਉਹ ਨਿਹਚਾ ਕਰ ਸਕਣ।

239 ਹੁਣ, ਮੈਂ ਚਾਹੁੰਦਾ ਹਾਂ ਕਿ ਜਦ ਇਹ ਲੋਕ ਦੁਆ ਕਰਵਾਉਣ ਲਈ ਇੱਥੇ ਆਉਂਦੇ ਹਨ, ਅਤੇ ਮੈਂ ਇਹਨਾਂ ਦੀ ਚੰਗਾਈ ਲਈ ਆਪਣੇ ਹੱਥ ਇਹਨਾਂ ਉੱਤੇ ਰਖਦਾ ਹਾਂ, ਤਾਂ ਸਾਰੇ ਜਣੇ ਲਗਾਤਾਰ ਬੇਨਤੀ ਕਰਦੇ ਰਹਿਣ।

240 ਸ਼੍ਰੀਮਾਨ ਜੀ, ਆਉ। ਮੈਂ ਆਪਣੇ ਇਸ ਭਾਈ ਲਈ ਦੁਆ ਕਰਦਾ ਹਾਂ। ਯਿਸੂ ਮਸੀਹ ਦੇ ਨਾਂ ਵਿੱਚ ਚੰਗਾ ਹੋ ਜਾਹ।

241 ਮੈਂ ਆਪਣੇ ਇਸ ਭਾਈ ਲਈ ਦੁਆ ਮੰਗਦਾ ਹਾਂ ਯਿਸੂ ਮਸੀਹ ਦੇ ਨਾਂ ਵਿੱਚ ਚੰਗਾ ਹੋ ਜਾਹ।

242 ਮੈਂ ਆਪਣੀ ਇਸ ਭੈਣ ਲਈ ਦੁਆ ਕਰਦਾ ਹਾਂ। ਯਿਸੂ ਮਸੀਹ ਦੇ ਨਾਂ ਵਿੱਚ ਮੈਂ ਇਸ ਭੈਣ ਦੀ ਚੰਗਾਈ ਮੰਗਦਾ ਹਾਂ। ਅਮੀਨ।

243 ਮੈਂ ਆਪਣੀ ਇਸ ਭੈਣ ਦੀ ਚੰਗਾਈ ਦੇ ਲਈ ਯਿਸੂ ਮਸੀਹ ਦੇ ਨਾਂ ਵਿੱਚ ਬੇਨਤੀ ਕਰਦਾ ਹਾਂ।

ਮੈਂ ਆਪਣੀ ਇਸ ਭੈਣ ਦੀ ਚੰਗਾਈ ਦੇ ਲਈ ਯਿਸੂ ਮਸੀਹ ਦੇ ਨਾਂ ਵਿੱਚ ਬੇਨਤੀ ਕਰਦਾ ਹਾਂ।

ਮੈਂ ਆਪਣੀ ਇਸ ਭੈਣ ਦੀ ਚੰਗਾਈ ਯਿਸੂ ਮਸੀਹ ਦੇ ਨਾਂ ਮੰਗਦਾ ਹਾਂ।

244 ਮੈਂ ਯਿਸੂ ਮਸੀਹ ਦੇ ਨਾਂ ਵਿੱਚ ਇਸ ਭਾਈ ਦੀ ਚੰਗਾਈ ਲਈ ਪ੍ਰਾਰਥਨਾ ਕਰਦਾ ਹਾਂ।

245 ਮੈਂ ਆਪਣੀ ਇਸ ਭੈਣ ਦੀ ਚੰਗਾਈ ਲਈ ਯਿਸੂ ਮਸੀਹ ਦੇ ਨਾਂ ਵਿੱਚ ਦੁਆ ਕਰਦਾ ਹਾਂ।

246 ਮੈਂ ਆਪਣੇ ਇਸ ਭਰਾ ਦੀ ਚੰਗਾਈ ਲਈ ਯਿਸੂ ਮਸੀਹ ਦੇ ਨਾਂ ਵਿੱਚ ਦੁਆ ਕਰਦਾ ਹਾਂ।

ਮੈਂ ਯਿਸੂ ਮਸੀਹ ਦੇ ਨਾਂ ਵਿੱਚ ਆਪਣੇ ਭਾਈ ਦੁਆ ਕਰਦਾ ਹਾਂ ਕਿ ਤੂੰ ਉਸਨੂੰ ਚੰਗਾਈ ਦੇਹ।

247 ਮੈਂ ਆਪਣੇ ਇਸ ਭਰਾ ਦੀ ਚੰਗਾਈ ਲਈ ਯਿਸੂ ਮਸੀਹ ਦੇ ਨਾਮ ਵਿੱਚ ਇਸ ਉੱਤੇ ਆਪਣੇ ਹੱਥਾਂ ਨੂੰ ਰਖਦਾ ਹਾਂ।

248 ਮੈਂ ਆਪਣੇ ਇਸ ਭਾਈ ਦੀ ਚੰਗਾਈ ਲਈ ਯਿਸੂ ਮਸੀਹ ਦੇ ਨਾਂ ਵਿੱਚ ਇਸ ਉੱਤੇ ਆਪਣੇ ਹੱਥਾਂ ਨੂੰ ਰਖਦਾ ਹਾਂ।

249 ਜਦ ਕਿ ਇਹ ਭਾਈ ਇੱਥੇ ਤੇਰੇ ਮਸਹ ਦੀ ਰੱਬੀ ਹਜ਼ੂਰੀ ਵਿੱਚ ਹੈ, ਤਾਂ ਮੈਂ ਆਪਣੇ ਹੱਥ ਇਸ ਭਾਈ ਦੇ ਉੱਤੇ ਰਖ ਕੇ ਯਿਸੂ ਮਸੀਹ ਦੇ ਨਾਂ ਵਿੱਚ ਇਸ ਭਾਈ ਦੀ ਚੰਗਾਈ ਦੀ ਮੰਗ ਕਰਦਾ ਹਾਂ।

250 ਪਿਤਾ ਮੈਂ ਯਿਸੂ ਮਸੀਹ ਦੇ ਨਾਂ ਵਿੱਚ ਦੁਆ ਕਰਦਾ ਹਾਂ ਕਿ ਤੂੰ ਮੇਰੀ ਇਸ ਭੈਣ ਨੂੰ ਚੰਗੀ ਕਰ ਦੇ।

251 ਸਵਰਗੀ ਪਿਤਾ, ਜਿਵੇਂ ਕਿ ਲੋਕ ਪ੍ਰਾਰਥਨਾ ਕਰ ਰਹੇ ਹਨ, ਅਸੀਂ ਤੇਰੀ ਹਜ਼ੂਰੀ ਨੂੰ ਪਛਾਣਿਆ ਹੈ। ਮੈਂ ਪ੍ਰਾਰਥਨਾ ਕਰਦਾ ਹਾਂ ਯਿਸੂ ਮਸੀਹ ਦੇ ਨਾਂ ਵਿੱਚ ਇਸ ਭੈਣ ਨੂੰ ਚੰਗਾ ਕਰ।

ਮੇਰੀ ਭੈਣ ਨੂੰ ਚੰਗਾ ਕਰ, ਪਿਤਾ, ਯਿਸੂ ਮਸੀਹ ਦੇ ਨਾਂ ਵਿੱਚ ਮੈਂ ਪ੍ਰਾਰਥਨਾ ਕਰਦਾ ਹਾਂ।

ਮੈਂ ਆਪਣੇ ਹੱਥਾਂ ਨੂੰ ਯਿਸੂ ਮਸੀਹ ਦੇ ਨਾਂ ਵਿੱਚ, ਤੇਰੇ ਵਚਨ ਨੂੰ ਯਾਦ ਰੱਖਦੇ ਹੋਏ, ਇਸ ਭਾਈ ਦੇ ਉੱਤੇ ਉਸਦੀ ਚੰਗਾਈ ਦੇ ਲਈ ਰੱਖਦਾ ਹਾਂ। ਪਿਤਾ, ਇਹ ਹੋਣ ਦੇ, ਇਹ ਨਿਸ਼ਾਨ ਉਹਨਾਂ ਦਾ ਪਿੱਛਾ ਕਰਨ ਜੋ ਇਸਦਾ ਵਿਸ਼ਵਾਸ਼ ਕਰਦੇ ਹਨ; ਜਦੋਂ ਉਹ ਬਿਮਾਰਾਂ ਤੇ ਆਪਣੇ ਹੱਥਾਂ ਨੂੰ ਰੱਖਣਗੇ, ਤਾਂ ਉਹ ਚੰਗੇ ਹੋ ਜਾਣਗੇ।

ਪਿਤਾ, ਮੇਰੇ ਭਾਈ ਨੂੰ ਚੰਗਾਈ ਦੇ, ਜਿਵੇਂ ਕਿ ਮੈਂ ਆਪਣੇ ਹੱਥ ਯਿਸੂ ਮਸੀਹ ਦੇ ਨਾਂ ਵਿਚ ਉਸ ਉੱਤੇ ਰੱਖਦਾ ਹਾਂ।

ਯਿਸੂ ਮਸੀਹ ਦੇ ਨਾਂ ਵਿੱਚ, ਮੈਂ ਆਪਣੇ ਹੱਥ ਭੈਣ ਉੱਤੇ ਉਸਦੀ ਚੰਗਾਈ ਲਈ ਰੱਖਦਾ ਹਾਂ।

ਯਿਸੂ ਮਸੀਹ ਦੇ ਨਾਂ ਵਿੱਚ, ਮੈਂ ਆਪਣੇ ਹੱਥ ਆਪਣੀ ਭੈਣ ਉੱਤੇ ਉਸਦੀ ਚੰਗਾਈ ਲਈ ਰੱਖਦਾ ਹਾਂ।

ਯਿਸੂ ਮਸੀਹ ਦੇ ਨਾਂ ਵਿੱਚ, ਮੈਂ ਆਪਣੇ ਹੱਥ ਇਸ ਭਾਈ ਉੱਤੇ ਉਸਦੀ ਚੰਗਾਈ ਲਈ ਰੱਖਦਾ ਹਾਂ।

ਮੈਂ, ਯਿਸੂ ਮਸੀਹ ਦੇ ਨਾਂ ਵਿੱਚ, ਇਸ ਭਾਈ ਨੂੰ ਬਰਕਤ ਦਿੰਦਾ ਹਾਂ, ਚੰਗਾਈ ਅਤੇ ਵਿਸ਼ਵਾਸ ਦੇ ਲਈ।

ਪ੍ਰਭੂ ਯਿਸੂ, ਮੈਂ ਇਸ ਬੱਚੇ ਉੱਤੇ ਆਪਣੇ ਹੱਥਾਂ ਨੂੰ ਰੱਖਦਾ ਹਾਂ, ਕਿ ਤੂੰ ਇਸ ਦੇ ਸ਼ਰੀਰ ਨੂੰ ਚੰਗਾ ਕਰ, ਅਤੇ ਉਸਨੂੰ ਠੀਕ ਕਰ। ਤੂੰ ਚੰਗਾਈ ਦੇਵੇਂਗਾ, ਪਿਤਾ, ਤੂੰ ਇਸਦਾ ਵਾਅਦਾ ਕੀਤਾ ਹੈ।

ਯਿਸੂ ਮਸੀਹ ਦੇ ਨਾਂ ਵਿੱਚ ਸਾਡੀ ਭੈਣ ਚੰਗੀ ਹੋ ਜਾਵੇ।

ਆਪਣੇ ਹੱਥਾਂ ਨੂੰ ਹੁਣ ਤੁਹਾਡੇ ਉੱਤੇ ਰੱਖਦਾ ਹਾਂ, ਸ਼ੱਕ ਨਾ ਕਰੋ। ਤੁਸੀਂ ਪੂਰੀ ਤਰ੍ਹਾਂ ਠੀਕ ਹੋ ਜਾਵੋਂਗੇ। ਕੀ ਤੁਸੀਂ ਇਸਦਾ ਵਿਸ਼ਵਾਸ਼ ਕਰਦੇ ਹੋ? ਕੀ ਤੁਸੀਂ ਇਸਦਾ ਵਿਸ਼ਵਾਸ ਕਰਦੇ ਹੋ?

ਯਿਸੂ ਦੇ ਨਾਂ ਵਿੱਚ ਸਾਡੀ ਭੈਣ ਚੰਗੀ ਹੋ ਜਾਵੇ।

ਪ੍ਰਭੂ, ਯਿਸੂ ਮਸੀਹ ਦੇ ਨਾਂ ਵਿੱਚ, ਇਹ ਬੱਚਾ ਚੰਗਾ ਹੋ ਜਾਵੇ। ਸ਼ੱਕ ਨਾ ਕਰੋ। ਇਸ ਗੱਲ ਦਾ ਵਿਸ਼ਵਾਸ਼ ਕਰੋ।

ਪਿਤਾ, ਇਸ ਛੋਟੀ ਭੈਣ ਨੂੰ ਚੰਗਾ ਕਰ, ਮੈਂ ਯਿਸੂ ਦੇ ਨਾਂ ਵਿੱਚ ਪ੍ਰਾਰਥਨਾ ਕਰਦਾ ਹਾਂ, ਅਮੀਨ। ਸ਼ੱਕ ਨਾ ਕਰੋ। ਹੁਣ, ਕੀ ਤੁਸੀਂ ਇਸਦਾ ਵਿਸ਼ਵਾਸ ਕਰਦੇ ਹੋ? ਵੇਖੋ, ਇਹ ਉਸੇ ਤਰ੍ਹਾਂ ਹੀ ਹੋ ਜਾਂਦਾ ਹੈ। ਜਿਵੇਂ ਕਿ ਉਸਨੇ ਕਿਹਾ।

ਪਿਤਾ, ਪ੍ਰਮੇਸ਼ਵਰ, ਮੈਂ ਆਪਣੇ ਹੱਥਾਂ ਨੂੰ ਯਿਸੂ ਮਸੀਹ ਦੇ ਨਾਂ ਵਿੱਚ ਮੇਰੇ ਭਾਈ ਉੱਤੇ ਰੱਖਦਾ ਹਾਂ। ਉਸਨੂੰ ਚੰਗਾ ਕਰ।

ਪਿਤਾ, ਮੈਂ ਆਪਣੇ ਹੱਥਾਂ ਨੂੰ ਯਿਸੂ ਮਸੀਹ ਦੇ ਨਾਂ ਵਿੱਚ ਮੇਰੇ ਭਾਈ ਉੱਤੇ ਰੱਖਦਾ ਹਾਂ। ਉਸਨੂੰ ਚੰਗਾਈ ਦੇ।

ਪਿਤਾ, ਪ੍ਰਮੇਸ਼ਵਰ, ਆਪਣੇ ਹੱਥਾਂ ਨੂੰ ਮੇਰੇ ਭਾਈ ਉੱਤੇ ਰੱਖਦਾ ਹਾਂ, ਅਤੇ ਯਿਸੂ ਦੇ ਨਾਂ ਵਿੱਚ ਉਸਦੀ ਚੰਗਾਈ ਮੰਗਦਾ ਹਾਂ।

ਜਿਵੇਂ ਕਿ, ਇੱਥੇ ਮੇਰੇ ਭਾਈ ਉੱਤੇ, ਪਿਤਾ, ਮੈਂ ਤੇਰੇ ਵਚਨ ਨੂੰ ਯਾਦ ਰੱਖਦੇ ਹੋਏ, ਆਪਣੇ ਹੱਥ ਉਸਦੀ ਚੰਗਾਈ ਲਈ ਯਿਸੂ ਦੇ ਨਾਂ ਵਿੱਚ ਉਸ ਉੱਤੇ ਰੱਖਦਾ ਹਾਂ।

ਯਿਸੂ ਮਸੀਹ ਦੇ ਨਾਂ ਵਿੱਚ, ਮੈਂ ਆਪਣੇ ਭਾਈ ਦੀ ਚੰਗਾਈ ਮੰਗਦਾ ਹਾਂ।

ਪ੍ਰਭੂ ਯਿਸੂ ਮਸੀਹ ਦੇ ਨਾਂ ਵਿੱਚ, ਮੈਂ ਆਪਣੀ ਭੈਣ ਦੀ ਚੰਗਾਈ ਮੰਗਦਾ ਹਾਂ। ਅਤੇ ਇਸੇ ਤਰ੍ਹਾਂ ਹੋ ਜਾਵੇ।

ਪ੍ਰਭੂ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੂੰ ਯਿਸੂ ਮਸੀਹ ਦੇ ਨਾਂ ਵਿੱਚ ਮੇਰੀ ਭੈਣ ਨੂੰ ਚੰਗਾ ਕਰ। ਅਮੀਨ।

ਭੈਣ ਸ਼ਿਰਲੇ, ਪ੍ਰਭੂ ਤੈਨੂੰ ਬਰਕਤ ਦੇਵੇ। ਸਵਰਗੀ ਪਿਤਾ, ਮੈਂ ਆਪਣੀ ਭੈਣ ਸ਼ਿਰਲੇ ਲਈ ਪ੍ਰਾਰਥਨਾ ਕਰਦਾ ਹਾਂ ਕਿ ਤੂੰ ਉਸਨੂੰ ਯਿਸੂ ਮਸੀਹ ਦੇ ਨਾਂ ਵਿਚ ਚੰਗਾ ਕਰ। ਅਮੀਨ।

ਸਵਰਗੀ ਪਿਤਾ, ਮੈਂ ਆਪਣੇ ਹੱਥ ਇਸ ਭੈਣ ਉੱਤੇ ਰੱਖਦਾ ਹਾਂ ਉਸਦੀ ਚੰਗਾਈ ਦੇ ਲਈ।

ਯਿਸੂ ਮਸੀਹ ਦੇ ਨਾਂ ਵਿੱਚ, ਮੈਂ ਆਪਣੇ ਹੱਥ ਇਸ ਭੈਣ ਉੱਤੇ ਉਸਦੀ ਚੰਗਾਈ ਦੇ ਲਈ ਰੱਖਦਾ ਹਾਂ।

ਸਵਰਗੀ ਪਿਤਾ, ਮੈਂ ਆਪਣੇ ਹੱਥ ਇਸ ਭੈਣ ਦੇ ਉੱਤੇ ਰੱਖਦਾ ਹਾਂ। ਪ੍ਰਭੂ, ਤੂੰ ਆਖਿਆ ਕਿ ਤੂੰ ਇਹ ਕਰ। ਅਤੇ ਮੈਂ ਇਸਨੂੰ ਕੀਤਾ ਕਿਉਂਕਿ ਮੈਂ ਤੇਰੇ ਉੱਤੇ ਭਰੋਸਾ ਰੱਖਦਾ ਹਾਂ। ਮੈਂ ਆਪਣੇ ਆਪ ਨੂੰ, ਆਪਣੇ ਵਿਸ਼ਵਾਸ਼ ਨੂੰ, ਆਪਣੇ ਪ੍ਰਾਣ ਨੂੰ ਇਸ ਭੈਣ ਦੇ ਨਾਲ ਜੋੜ ਦਿੱਤਾ ਹੈ, ਅਤੇ ਯਿਸੂ ਮਸੀਹ ਦੇ ਨਾਂ ਵਿੱਚ ਉਸਦੀ ਚੰਗਾਈ ਮੰਗਦਾ ਹਾਂ। ਅਮੀਨ।

ਇਸ ਛੋਟੇ ਮੁੰਡੇ ਉੱਤੇ ਮੈਂ ਆਪਣੇ ਹੱਥ ਰੱਖਦਾ ਹਾਂ ਅਤੇ ਯਿਸੂ ਮਸੀਹ ਦੇ ਨਾਂ ਵਿਚ ਉਸਦੀ ਚੰਗਾਈ ਮੰਗਦਾ ਹਾਂ।

ਮੈਂ ਆਪਣੇ ਹੱਥ ਇਸ ਭੈਣ ਉੱਤੇ ਯਿਸੂ ਮਸੀਹ ਦੇ ਨਾਂ ਵਿਚ ਰੱਖਦਾ ਹਾਂ ਅਤੇ ਉਸਦੀ ਚੰਗਾਈ ਮੰਗਦਾ ਹਾਂ।

ਸਵਰਗੀ ਪਿਤਾ, ਮੈਂ ਯਿਸੂ ਮਸੀਹ ਦੇ ਨਾਂ ਵਿਚ ਇਸ ਭੈਣ ਉੱਤੇ ਆਪਣੇ ਹੱਥ ਰੱਖਦਾ ਹਾਂ ਅਤੇ ਉਸਦੀ ਚੰਗਾਈ ਮੰਗਦਾ ਹਾਂ।

ਸਵਰਗੀ ਪਿਤਾ, ਮੈਂ ਯਿਸੂ ਮਸੀਹ ਦੇ ਨਾਂ ਵਿਚ ਇਸ ਛੋਟੀ ਕੁੜੀ ਉੱਤੇ ਆਪਣੇ ਹੱਥ ਰੱਖਦਾ ਹਾਂ ਅਤੇ ਉਸਦੀ ਚੰਗਾਈ ਮੰਗਦਾ ਹਾਂ।

ਤੂੰ ਅਤੇ ਬੱਚਾ? ਤੇਰਾ ਬੱਚਾ। ਸਵਰਗੀ ਪਿਤਾ, ਇਸ ਛੋਟੇ ਮੁੰਡੇ ਉੱਤੇ ਮੈਂ ਆਪਣੇ ਹੱਥ ਰੱਖਦਾ ਹਾਂ ਅਤੇ ਯਿਸੂ ਮਸੀਹ ਦੇ ਨਾਂ ਵਿਚ ਉਸਦੀ ਚੰਗਾਈ ਮੰਗਦਾ ਹਾਂ। ਅਮੀਨ।

ਸਵਰਗੀ ਪਿਤਾ, ਮੈਂ ਯਿਸੂ ਮਸੀਹ ਦੇ ਨਾਂ ਵਿਚ ਇਸ ਛੋਟੀ ਕੁੜੀ ਉੱਤੇ ਆਪਣੇ ਹੱਥ ਰੱਖਦਾ ਹਾਂ ਅਤੇ ਉਸਦੀ ਚੰਗਾਈ ਮੰਗਦਾ ਹਾਂ।

ਭੈਣ ਵਾਲਡਰੋਪ, ਪ੍ਰਮੇਸ਼ਵਰ ਤੁਹਾਨੂੰ ਬਰਕਤ ਦੇਵੇ। ਇੱਥੇ ਇੱਕ ਔਰਤ ਹੈ ਜੋ ਅਸਲ ਵਿਚ ਜਾਣਦੀ ਹੈ ਕਿ ਚੰਗਾਈ ਕੀ ਹੈ। ਉਸਨੂੰ ਪੰਦਰਾਂ ਸਾਲ ਪਹਿਲਾਂ ਪ੍ਰਾਰਥਨਾ ਪੰਕਤਿ ਵਿਚ ਜੀਵਨ ਮਿਲਿਆ ਸੀ। [ਭੈਣ ਵਾਰ੍ਡਰੋਪ ਆਖਦੀ ਹੈ, “ਹਾਂ, ਸਤਾਰਾਂ ਸਾਲ ਹੋ ਗਏ।” -ਸੰਪਾ] ਸਤਾਰਾਂ ਸਾਲ ਪਹਿਲਾਂ, ਉਸਦੇ ਦਿਲ ਵਿਚ ਕੈਂਸਰ ਨਾਲ ਉਹ ਮਰ ਗਈ ਸੀ। ਡਾਕਟਰ ਕੋਲ ਇਸਦਾ ਰਿਕਾਰਡ ਹੈ। ਮਿਸੇਜ ਵਾਲਡਰੋਪ। ਕਿੰਨੇ ਲੋਕ ਜਾਣਦੇ ਹਨ ਕਿ ਇਹ ਫ਼ੀਨਿਕ੍ਸ ਵਿਚ ਹੋਇਆ ਸੀ, ਆਪਣੇ ਹੱਥ ਖੜੇ ਕਰੋ?

ਸਵਰਗੀ ਪਿਤਾ, ਤੇਰੀ ਚੰਗਿਆਈ ਤਦ ਤੱਕ ਰਹਿੰਦੀ ਹੈ ਜਦ ਤੱਕ ਅਸੀਂ ਵਿਸ਼ਵਾਸ ਕਰਦੇ ਹਾਂ। ਮੈਂ ਭੈਣ ਵਾਲਡਰੋਪ ਲਈ ਪ੍ਰਾਰਥਨਾ ਕਰਦਾ ਹਾਂ, ਯਿਸੂ ਮਸੀਹ ਦੇ ਨਾਂ ਵਿੱਚ ਉਸਨੂੰ ਚੰਗਾ ਕਰ। ਅਮੀਨ। ਭੈਣ ਪ੍ਰਭੂ ਤੈਨੂੰ ਬਰਕਤ ਦੇਵੇ।

ਸਵਰਗੀ ਪਿਤਾ, ਮੈਂ ਯਿਸੂ ਮਸੀਹ ਦੇ ਨਾਂ ਵਿੱਚ ਆਪਣੇ ਭਾਈ ਦੀ ਚੰਗਾਈ ਦੀ ਮੰਗ ਕਰਦਾ ਹਾਂ। ਅਮੀਨ।

ਪਿਤਾ, ਮੈਂ ਆਪਣੇ ਹੱਥ ਇਸ ਛੋਟੇ ਮੁੰਡੇ ਉੱਤੇ ਯਿਸੂ ਮਸੀਹ ਦੇ ਨਾਂ ਵਿੱਚ ਰੱਖਦਾ ਹਾਂ ਅਤੇ ਉਸਦੀ ਚੰਗਾਈ ਮੰਗਦਾ ਹਾਂ। ਅਮੀਨ।

ਪਿਤਾ, ਮੈਂ ਯਿਸੂ ਮਸੀਹ ਦੇ ਨਾਂ ਵਿਚ ਇਸ ਭੈਣ ਉੱਤੇ ਆਪਣੇ ਹੱਥ ਰੱਖਦਾ ਹਾਂ ਅਤੇ ਉਸਦੀ ਚੰਗਾਈ ਮੰਗਦਾ ਹਾਂ।

ਸਵਰਗੀ ਪਿਤਾ, ਮੈਂ ਆਪਣੀ ਭੈਣ ਲਈ ਚੰਗਾਈ ਅਤੇ ਦਯਾ ਮੰਗਦਾ ਹਾਂ। ਅੱਜ ਰਾਤ ਉਸਨੂੰ ਦੇ ਦੇ। ਮੈਂ ਆਪਣੇ ਹੱਥ ਉਸ ਉੱਤੇ ਰੱਖਦਾ ਹਾਂ, ਅਤੇ ਯਿਸੂ ਮਸੀਹ ਦੇ ਨਾਂ ਵਿੱਚ ਭੈਣ ਦੀ ਚੰਗਾਈ ਲਈ ਆਪਣੀ ਪ੍ਰਾਰਥਨਾ ਦੇ ਨਾਲ ਆਪਣੇ ਆਪ ਨੂੰ ਜੋੜਦਾ ਹਾਂ। ਅਮੀਨ।

ਸਵਰਗੀ ਪਿਤਾ, ਮੈਂ ਆਪਣੇ ਹੱਥ ਆਪਣੀ ਭੈਣ ਉੱਤੇ ਰੱਖਦਾ ਹਾਂ, ਆਪਣੀ ਪ੍ਰਾਰਥਨਾ ਤੇ ਵਿਸ਼ਵਾਸ ਰੱਖਦੇ ਹੋਏ। ਇਹ ਭੈਣ ਵੀ ਵਿਸ਼ਵਾਸ ਕਰਦੀ ਹੈ। ਪਿਤਾ, ਯਿਸੂ ਮਸੀਹ ਦੇ ਨਾਂ ਵਿੱਚ ਉਸਨੂੰ ਚੰਗਾ ਕਰ।

ਸਵਰਗੀ ਪਿਤਾ, ਮੈਂ ਆਪਣੇ ਹੱਥ ਆਪਣੇ ਭਾਈ ਉੱਤੇ ਰੱਖਦਾ ਹਾਂ, ਆਪਣੀ ਪ੍ਰਾਰਥਨਾ ਤੇ ਵਿਸ਼ਵਾਸ ਰੱਖਦੇ ਹੋਏ। ਪਿਤਾ, ਅਸੀਂ ਸਾਰੇ ਇਕੱਠੇ ਪ੍ਰਾਰਥਨਾ ਕਰਦੇ ਹਾਂ, ਅਸੀਂ ਵਿਸ਼ਵਾਸ ਕਰਦੇ ਹਾਂ ਕਿ ਇਹ ਹੋਣ ਵਾਲਾ ਹੈ। ਮੈਂ ਯਿਸੂ ਦੇ ਨਾਂ ਵਿੱਚ ਮੰਗਦਾ ਹਾਂ। ਅਮੀਨ।

ਸਵਰਗੀ ਪਿਤਾ, ਆਪਣੇ ਹੱਥਾਂ ਨੂੰ ਇਸ ਭੈਣ ਉੱਤੇ ਰੱਖਦੇ ਹੋਏ, ਮੈਂ ਯਿਸੂ ਮਸੀਹ ਦੇ ਨਾਂ ਵਿੱਚ ਉਸਦੀ ਚੰਗਾਈ ਮੰਗਦਾ ਹਾਂ। ਅਮੀਨ।

ਸਵਰਗੀ ਪਿਤਾ, ਇੱਕ ਵਾਰ ਫਿਰ, ਇੱਥੇ ਖੜੇ ਹੋਏ ਇਸ ਛੋਟੇ ਭਾਈ ਦੇ ਉੱਤੇ, ਮੈਂ ਆਪਣੇ ਹੱਥ ਰੱਖਦਾ ਹਾਂ, ਇਹ ਵਿਸ਼ਵਾਸ ਕਰਦੇ ਹੋਏ ਕਿ ਤੂੰ ਮੇਰੀ ਪ੍ਰਾਰਥਨਾ ਨੂੰ ਸੁਣੇਗਾ, ਅਤੇ ਇਸ

ਪੂਰੀ ਕਲੀਸਿਯਾ ਦੇ ਨਾਲ ਅਸੀਂ ਇਹ ਵਿਸ਼ਵਾਸ ਕਰਦੇ ਹਾਂ ਕਿ ਤੂੰ ਉਸਨੂੰ ਯਿਸੂ ਮਸੀਹ ਦੇ ਨਾਂ ਵਿੱਚ ਚੰਗਾ ਕਰੇਂਗਾ। ਭਾਈ ਪ੍ਰਭੂ ਤੈਨੂੰ ਬਰਕਤ ਦੇਵੇ।

ਸਵਰਗੀ ਪਿਤਾ, ਮੈਂ ਆਪਣੀ ਭੈਣ ਦੀ ਚੰਗਾਈ ਲਈ ਆਪਣੇ ਹੱਥ ਉਸ ਉੱਤੇ ਰੱਖ ਕੇ ਪ੍ਰਾਰਥਨਾ ਕਰਦਾ ਹਾਂ। ਪ੍ਰਭੂ, ਮੇਰਾ ਦਿਲ ਉਹਨਾਂ ਲਈ ਮੰਗਦਾ ਹੈ। ਯਿਸੂ ਮਸੀਹ ਦੇ ਨਾਂ ਵਿੱਚ ਉਸ ਤੇ ਦਯਾ ਕਰ ਅਤੇ ਉਸਨੂੰ ਚੰਗਾ ਕਰ।

ਸਵਰਗੀ ਪਿਤਾ, ਇਹ ਛੋਟੀ ਪਿਆਰੀ ਕੁੜੀ, ਸਭਾ ਵਿੱਚੋਂ ਦੀ ਲੰਘ ਕੇ ਆਈ ਹੈ ਜਿਵੇਂ ਕਿ ਉਸਦੇ ਮਾਤਾ ਪਿਤਾ ਵੀ ਆਏ ਹਨ। ਮੈਂ ਯਿਸੂ ਮਸੀਹ ਦੇ ਨਾਂ ਵਿੱਚ ਆਪਣੇ ਹੱਥ ਉਸ ਉੱਤੇ ਰੱਖਦਾ ਹਾਂ ਜੋ ਉਹਨਾਂ ਛੋਟੇ ਬਚਿਆਂ ਉੱਤੇ ਆਪਣੇ ਹੱਥ ਉਹਨਾਂ ਨੂੰ ਬਰਕਤ ਦੇਣ ਲਈ ਰੱਖਦਾ ਹੈ। ਹੋਣ ਦੇ ਕਿ ਯਿਸੂ ਮਸੀਹ ਦੇ ਨਾਂ ਵਿੱਚ ਉਹਨੂੰ ਬਰਕਤ ਦੇ ਅਤੇ ਉਸਨੂੰ ਚੰਗਾ ਕਰ। ਅਮੀਨ।

ਸਵਰਗੀ ਪਿਤਾ, ਜਿਵੇਂ ਕਿ ਇਹ ਸਾਡੀ ਭੈਣ ਇੱਥੋਂ ਲੰਘਦੀ ਹੈ, ਮੈਂ ਆਪਣੇ ਹੱਥ ਉਸ ਉੱਤੇ ਰੱਖਦਾ ਹਾਂ, ਯਿਸੂ ਮਸੀਹ ਦੇ ਨਾਂ ਵਿੱਚ ਉਸਨੂੰ ਚੰਗਾ ਕਰ। ਅਮੀਨ।

ਪਿਤਾ, ਜਿਵੇਂ ਕਿ ਇਸ ਭੈਣ ਉੱਤੇ ਮੈਂ ਆਪਣੇ ਹੱਥਾਂ ਨੂੰ ਰੱਖਦਾ ਹਾਂ, ਯਿਸੂ ਮਸੀਹ ਦੇ ਨਾਂ ਵਿੱਚ ਉਸਨੂੰ ਚੰਗਾ ਕਰ।

ਸਵਰਗੀ ਪਿਤਾ, ਮੈਂ ਆਪਣੇ ਹੱਥਾਂ ਨੂੰ ਆਪਣੇ ਭਾਈ ਉੱਤੇ ਰੱਖਦਾ ਹਾਂ, ਯਿਸੂ ਮਸੀਹ ਦੇ ਨਾਂ ਵਿੱਚ ਉਸਨੂੰ ਚੰਗਾ ਕਰ।

ਪਿਤਾ, ਮੈਂ ਆਪਣੇ ਹੱਥਾਂ ਨੂੰ ਆਪਣੇ ਭਾਈ ਉੱਤੇ ਰੱਖਦਾ ਹਾਂ, ਯਿਸੂ ਮਸੀਹ ਦੇ ਨਾਂ ਵਿੱਚ ਉਸਨੂੰ ਚੰਗਾ ਕਰ।

252 ਇਸੇ ਤਰ੍ਹਾਂ ਪਿਤਾ, ਮੈਂ ਆਪਣੇ ਇਸ ਭਾਈ ਉੱਤੇ ਆਪਣੇ ਹੱਥਾਂ ਨੂੰ ਰੱਖਦਾ ਹਾਂ। ਯਿਸੂ ਦੇ ਨਾਂ ਵਿੱਚ, ਇਸ ਭਾਈ ਨੂੰ ਚੰਗਾ ਕਰ ਦੇ।

253 ਪਿਤਾ ਪ੍ਰਮੇਸ਼ਵਰ ਮੈਂ ਯਿਸੂ ਮਸੀਹ ਦੇ ਨਾਂ ਵਿੱਚ ਆਪਣੀ ਇਸ ਭੈਣ ਦੇ ਉੱਤੇ ਆਪਣੇ ਹੱਥਾਂ ਨੂੰ ਰੱਖਦਾ ਹਾਂ। ਪ੍ਰਭੂ ਯਿਸੂ ਦੇ ਨਾਂ ਵਿੱਚ ਇਹ ਭੈਣ ਚੰਗੀ ਹੋ ਜਾਵੇ।

254 ਸਾਡੇ ਪਿਤਾ, ਮੈਂ ਆਪਣੇ ਹੱਥਾਂ ਨੂੰ ਇਸ ਭਾਈ ਉੱਤੇ ਰੱਖਦਾ ਹਾਂ ਅਤੇ ਯਿਸੂ ਮਸੀਹ ਦੇ ਨਾਂ ਵਿੱਚ ਭਾਈ ਦੀ ਚੰਗਾਈ ਦੀ ਮੰਗ ਕਰਦਾ ਹਾਂ—ਅਮੀਨ।

255 ਯਿਸੂ ਮਸੀਹ ਦੇ ਨਾਂ ਵਿੱਚ ਮੈਂ ਆਪਣੇ ਹੱਥਾਂ ਨੂੰ ਆਪਣੇ ਇਸ ਭਾਈ ਦੇ ਉੱਤੇ ਰੱਖਦਾ ਹਾਂ ਅਤੇ ਪ੍ਰਮੇਸ਼ਵਰ ਦੀ ਵਡਿਆਈ ਲਈ ਇਸ ਭਾਈ ਦੀ ਚੰਗਾਈ ਦੀ ਮੰਗ ਕਰਦਾ ਹਾਂ—ਅਮੀਨ।

256 ਸਾਡੇ ਸਵਰਗੀ ਪਿਤਾ, ਮੈਂ ਆਪਣੇ ਇਸ ਭਾਈ ਉੱਤੇ ਆਪਣੇ ਹੱਥਾਂ ਨੂੰ ਰੱਖਦਾ ਅਤੇ ਇਸ ਭਾਈ ਦੀ ਚੰਗਾਈ ਮੰਗਦਾ ਹਾਂ। ਪ੍ਰਭੂ, ਮੇਰੀ ਬੇਨਤੀ, ਇਸ ਭਾਈ ਦੀ ਬੇਨਤੀ ਨਾਲ ਜੁੜ ਰਹੀ ਹੈ ਅਤੇ ਮੇਰੀ ਬੇਨਤੀ ਸਾਰੀ ਹੀ ਕਲੀਸਿਯਾ ਦੀ ਬੇਨਤੀ ਨਾਲ ਜੁੜ ਰਹੀ ਹੈ, ਜਿਨ੍ਹਾਂ ਨੂੰ ਤੂੰ ਅੱਜ ਰਾਤ ਇਕੱਠੇ ਕੀਤਾ ਹੈ। ਇਸ ਭਾਈ ਉੱਤੇ ਮੇਰੇ ਹੱਥ, ਪ੍ਰਮੇਸ਼ਵਰ ਦੇ ਪੁੱਤਰਵਿੱਚ ਮੇਰੇ ਵਿਸ਼ਵਾਸ਼ ਦੀ ਪਛਾਣ ਹੈ, ਮੈਂ ਇਸਦੀ ਚੰਗਾਈ ਮੰਗਦਾ ਹਾਂ। ਅਮੀਨ।

257 ਹੁਣ ਸਾਡੇ ਕੋਲ ਇੱਥੇ ਕੁਝ ਪਹੀਆਂ ਵਾਲੀਆਂ ਕੁਰਸੀਆਂ ਵਾਲੇ ਰੋਗੀ ਦੁਆ ਕਰਵਾਉਣ ਲਈ ਆਏ ਹਨ।

ਸਵਰਗੀ ਪਿਤਾ, ਮੈਂ ਆਪਣੇ ਹੱਥ ਰੱਖਦਾ ਹਾਂ...?...ਦਯਾ ਅਤੇ ਕਿਰਪਾ ਉਹਨਾਂ ਦੇ ਨਾਲ ਹੋਣ ਦੇ...?...ਯਿਸੂ ਮਸੀਹ ਦੇ ਨਾਂ ਵਿੱਚ। ਉਸੇ ਤਰ੍ਹਾਂ ਹੀ ਇਸ ਭੈਣ ਦੇ ਨਾਲ ਪ੍ਰਭੂ, ਪ੍ਰਮੇਸ਼ਵਰ। ਸ਼ੈਤਾਨ, ਅਸੀਂ ਤੈਨੂੰ ਉਹਨਾਂ ਵਿਚੋਂ ਬਾਹਰ ਕੱਢਦੇ ਹਾਂ...?...ਪ੍ਰਭੂ ਉਹਨਾਂ ਨੂੰ ਸ਼ਕਤੀ ਦੇ ਅਤੇ ਉਹਨਾਂ ਨੂੰ ਪ੍ਰੇਰਣਾ ਭਰਿਆ ਜੀਵਨ ਦੇ; ਪ੍ਰਭੂ ਉਹਨਾਂ ਨੂੰ ਬੱਲ ਦੇ...?...[ਟੇਪ ਵਿਚ ਖਾਲੀ ਥਾਂ–ਸੰਪਾ]

258 ਇੱਕ ਵਾਰ ਯਿਸੂ ਨੇ ਕਿਹਾ, "ਕੀ ਤੁਸੀਂ ਜਾਣਦੇ ਹੋ, ਮੈਂ ਤੁਹਾਡੇ ਨਾਲ ਕੀ ਕੀਤਾ ਹੈ?" ਮੈਂ ਤਾਂ ਬਸ ਇਹੋ ਕੀਤਾ ਹੈ ਜੋ ਪ੍ਰਮੇਸ਼ਵਰ ਨੇ ਕਰਣ ਲਈ ਹੁਕਮ ਦਿੱਤਾ ਹੈ।

259 ਹੁਣ, ਆਉ ਅਸੀਂ ਸਾਰੇ ਮਿਲ ਕੇ ਦੁਆ ਕਰੀਏ। ਜਦ ਤੁਸੀਂ ਆਪਣਾ ਧਿਆਨ ਪ੍ਰਮੇਸ਼ਵਰ ਵੱਲ ਲਾਉਂਦੇ ਹੋ। ਯਾਦ ਰੱਖੋ, ਹੁਣ ਵਿਸ਼ਵਾਸ਼ ਕਰੋ, ਸਾਡੇ ਨਾਲ ਵਿਸ਼ਵਾਸ਼ ਕਰੋ। ਹੋ ਸਕਦਾ ਹੈ ਕਿ ਇੱਥੇ ਹਰੇਕ ਰੋਗੀ ਦੇ ਕੋਲ ਪ੍ਰਾਰਥਨਾ ਪੱਤਰ ਨਾ ਹੋਵੇ...

260 ਹੁਣ ਅਸੀਂ ਕਲ ਰਾਤ ਫਿਰ ਸਾਢੇ ਛੇ ਜਾਂ ਸੱਤ ਵਜੇ ਪ੍ਰਾਰਥਨਾ ਪੱਤਰ ਵੰਡਾਂਗੇ, ਇਸੇ ਹੀ ਤਰ੍ਹਾਂ ਸਾਢੇ ਛੇ ਜਾਂ ਸੱਤ ਵਜੇ। ਇਸ ਲਈ ਕਲ੍ਹ ਰਾਤ ਸਾਡੇ ਕੋਲ ਫਿਰ ਪ੍ਰਾਰਥਨਾ ਪੰਕਤੀ ਹੋਵੇਗੀ। ਮੈਨੂੰ ਮਾਫ਼ ਕਰਨਾ ਕਿਉਂਕਿ ਅੱਜ ਰਾਤ ਬਿਮਾਰਾਂ ਲਈ ਦੁਆ ਕਰਨ ਕਾਰਣ ਮੈਂ ਤੁਹਾਨੂੰ ਥੋੜੀ ਜਿਆਦਾ ਦੇਰ ਬਿਠਾਈ ਰੱਖਿਆ ਹੈ। ਪ੍ਰਮੇਸ਼ਵਰ ਤੁਹਾਨੂੰ ਬਰਕਤ ਦੇਵੇ।

ਹੁਣ, ਆਉ ਅਸੀਂ ਫਿਰ ਆਪਣੇ ਸਿਰਾਂ ਨੂੰ ਝੁਕਾਈਏ।

261 ਪਿਤਾ, ਜਦ ਅਸੀਂ ਪ੍ਰਾਥਨਾ ਕਰਦੇ ਹਾਂ ਤਾਂ ਅਸੀਂ ਹਰੇਕ ਨੂੰ ਜਿਸਨੇ ਸਾਡੇ ਵਿਰੁਧ ਪਾਪ ਕੀਤਾ ਹੈ, ਮਾਫ਼ ਕਰਦੇ ਹਾਂ। ਜੇਕਰ ਸਾਡੇ ਅੰਦਰ ਕੁਝ ਵੀ ਅਜਿਹਾ ਪਾਇਆ ਜਾਂਦਾ ਹੈ ਜੋ ਤੈਨੂੰ ਪਸੰਦ ਨਹੀ ਹੈ, ਤਾਂ ਪ੍ਰਭੂ ਸਾਨੂੰ ਮਾਫ਼ ਕਰ। ਕਿਉਂਕਿ ਸਾਨੂੰ ਦੱਸਿਆ ਗਿਆ ਹੈ ਕਿ ਸਾਨੂੰ, "ਪ੍ਰਮੇਸ਼ਵਰ ਦੀਆਂ ਜਿਉਂਦੀਆਂ ਪੱਤਰੀਆਂ ਹੋਣਾ ਚਾਹੀਦਾ ਹੈ, ਜਿਹੜੀਆਂ ਸਾਰੇ ਮਨੁੱਖਾਂ ਰਾਹੀਂ ਪੜ੍ਹੀਆਂ ਜਾਂਦੀਆਂ ਹਨ।" ਜਿਵੇਂ ਕਿ ਅਸੀਂ ਤੇਰਿਆਂ ਹੁਕਮਾਂ ਦੀ ਪਾਲਣਾ ਕੀਤੀ ਹੈ, ਅਸੀਂ ਤੇਰੀ ਹਜੂਰੀ ਨੂੰ ਵੇਖਿਆ ਹੈ ਜਿਸਨੇ ਇਹ ਜਾਹਿਰ ਕੀਤਾ ਹੈ ਕਿ ਤੂੰ ਸਾਡੇ ਨਾਲ ਹੈਂ; ਲੋਕਾਂ ਨੇ ਇਸ ਮੰਚ ਉੱਤੋਂ ਦੀ ਲੰਘ ਕੇ, ਆਪਣੇ ਵਿਸ਼ਵਾਸ਼ ਦੀ ਗਵਾਹੀ ਦਿੱਤੀ ਹੈ। ਪਿਤਾ, ਅਸੀਂ ਉਹਨਾਂ ਦੇ ਉੱਤੇ ਆਪਣੇ ਹੱਥਾਂ ਨੂੰ ਰੱਖਿਆ ਹੈ। ਸਾਡੇ ਵਿਚੋਂ ਕਿਸੇ ਇੱਕ ਨੇ ਨਹੀ, ਪਰ ਅਸੀਂ ਸਾਰਿਆਂ ਨੇ, ਪ੍ਰਾਰਥਨਾ ਵਿੱਚ, ਇਹ ਵਿਸ਼ਵਾਸ਼ ਕਰਦੇ ਹੋਏ, ਆਪਣੇ ਹੱਥਾਂ ਨੂੰ ਉਹਨਾਂ ਉੱਤੇ ਰੱਖਿਆ ਹੈ ਕਿ ਤੂੰ ਉਹਨਾਂ ਦੇ ਸ਼ਰੀਰਾਂ ਨੂੰ ਚੰਗਾ ਕਰੇਂਗਾ।

262 ਜਦ ਤੂੰ ਇਸ ਧਰਤੀ ਉੱਤੇ ਸੀ ਤਾਂ ਤੂੰ ਆਖਿਆ ਸੀ, "ਜੇਕਰ ਤੁਸੀਂ ਮੇਰੇ ਨਾਂ ਵਿੱਚ ਪਿਤਾ ਕੋਲੋਂ ਕੁਝ ਮੰਗੋਗੇ, ਤਾਂ ਮੈਂ ਉਹੋ ਹੀ ਕਰਾਂਗਾ।" ਯਿਸੂ...ਪ੍ਰਮੇਸ਼ਵਰ ਦੇ ਪੁੱਤਰ, ਇਹ ਤੇਰਾ ਵਾਅਦਾ ਸੀ, ਪ੍ਰਭੂ।

263 ਅਤੇ ਉਸਨੇ ਜਿਸਨੇ ਇਹ ਵਾਅਦਾ ਕੀਤਾ ਸੀ, ਅੱਜ ਰਾਤ ਆਪਣੇ ਵਾਅਦੇ ਨੂੰ ਪੂਰਾ ਕਰਨ ਲਈ ਆਪਣੇ ਆਪ ਨੂੰ ਸਾਡੇ ਵਿੱਚ ਪ੍ਰਗਟ ਕੀਤਾ ਹੈ। ਇਸ ਲਈ ਪ੍ਰਭੂ ਬਿਮਾਰਾਂ ਦੇ ਉੱਤੇ ਹੱਥ ਨੂੰ ਰੱਖ ਕੇ ਤੇਰੇ ਹੁਕਮਾਂ ਦੀ ਪਾਲਣਾਂ ਕੀਤੀ ਗਈ ਹੈ। ਹੁਣ, ਅਜਿਹਾ ਹੀ ਹੋਣ ਦੇ। ਇਹ ਲਿਖਿਆ ਹੋਇਆ ਹੈ, ਅਜਿਹਾ ਹੀ ਹੋਣ ਦੇ। ਹੋਣ ਦੇ ਕਿ ਯਿਸੂ ਮਸੀਹ ਦੀ ਸਮਰਥ ਅੱਜ ਰਾਤ ਆਵੇ, ਅਤੇ ਹਰ ਇੱਕ ਨੂੰ ਜੋ ਇੱਥੇ ਹੈ, ਸਾਰੀ ਬੇਪ੍ਰਤੀਤੀ ਤੋਂ ਵੱਖਰਾ ਕਰ ਦੇਵੇ, ਅਤੇ ਹੋਣ ਦੇ ਕਿ ਯਿਸੂ ਮਸੀਹ ਦੀ ਹਜੂਰੀ ਜੋ ਕਿ ਵਚਨ ਹੈ, ਜੋ ਸਾਡੇ ਹਿਰਦੇ ਦਿਆਂ ਵਿਚਾਰਾਂ

ਅਤੇ ਸੋਚਾਂ ਨੂੰ ਜਾਣਦਾ ਹੈ, ਆਵੇ ਅਤੇ ਅੱਜ ਰਾਤ ਪ੍ਰਮੇਸ਼ਵਰ ਹਰੇਕ ਹਿਰਦੇ ਵਿੱਚ ਪਹਿਲਾ ਸਥਾਨ ਪਾਵੇ।

264 ਅਤੇ ਅਸੀਂ ਸ਼ੈਤਾਨ ਨੂੰ ਅਤੇ ਉਸ ਦੀਆਂ ਹਨੇਰੇ ਅਤੇ ਬੇਪ੍ਰਤੀਤੀ ਦੀਆਂ ਸ਼ਕਤੀਆਂ ਨੂੰ ਝਿੜਕਦੇ ਹਾਂ। ਸ਼ੈਤਾਨ, ਪ੍ਰਮੇਸ਼ਵਰ ਦਾ ਆਤਮਾ ਤੇਰੇ ਵਿਰੋਧ ਵਿੱਚ ਆਪਣਾ ਝੰਡਾ ਖੜਾ ਕਰਦਾ ਹੈ। ਤੂੰ ਹਾਰਿਆ ਹੋਇਆ ਹੈਂ। ਯਿਸੂ ਮਸੀਹ ਨੇ ਕਲਵਰੀ ਉੱਤੇ ਤੈਨੂੰ ਹਰਾ ਦਿੱਤਾ ਸੀ।

265 ਉਹ ਤੀਸਰੇ ਦਿਨ ਮੁਰਦਿਆਂ ਵਿੱਚੋਂ ਜੀ ਉਠਿਆ ਸੀ, ਉਸ ਨੇ ਮੌਤ, ਨਰਕ ਅਤੇ ਕਬਰ ਉੱਤੇ ਜਿੱਤ ਪਾ ਲਈ ਸੀ। ਉਹ ਉਤਾਂਹ ਨੂੰ ਚੜ ਗਿਆ ਅਤੇ ਮਨੁੱਖਾਂ ਨੂੰ ਦਾਨ ਦਿੱਤੇ। ਅੱਜ ਰਾਤ ਉਹ ਇੱਕ ਮਨੁੱਖ ਦੇ ਰੂਪ ਵਿੱਚ ਇੱਥੇ ਹੈ। ਉਸਨੇ ਆਖਿਆ ਸੀ, “ਥੋੜਾ ਸਮਾਂ ਰਹਿ ਗਿਆ ਹੈ, ਇਹ ਸੰਸਾਰ ਮੈਨੂੰ ਫਿਰ ਨਾ ਵੇਖੇਗਾ, ਪਰ ਤੁਸੀਂ ਮੈਨੂੰ ਵੇਖੋਗੇ ਕਿਉਂਕਿ ਮੈਂ ਤੁਹਾਡੇ ਨਾਲ ਹੋਵਾਂਗਾ ਸਗੋਂ ਜਗਤ ਦੇ ਅੰਤ ਤੱਕ ਤੁਹਾਡੇ ਅੰਦਰ ਹੋਵਾਂਗਾ।” ਅੱਜ ਰਾਤ ਅਸੀਂ ਉਸਦੇ ਵਚਨ ਨੂੰ ਪੂਰਾ ਹੁੰਦਿਆਂ ਹੋਇਆਂ ਉਹਦੀ ਹਜੂਰੀ ਨੂੰ ਵੇਖਦੇ ਹਾਂ। ਨਿਹਚਾ ਰਾਹੀਂ ਅਸੀਂ ਇਹ ਵਿਸ਼ਵਾਸ਼ ਕਰਦੇ ਹਾਂ ਕਿ ਅੱਜ ਰਾਤ ਇੱਥੇ ਆਇਆ ਹੋਇਆ ਹਰੇਕ ਰੋਗੀ, ਯਿਸੂ ਮਸੀਹ ਦੇ ਨਾਂ ਵਿੱਚ ਪ੍ਰਮੇਸ਼ਵਰ ਦੀ ਵਡਿਆਈ ਦੇ ਲਈ ਚੰਗਾ ਹੋ ਜਾਵੇਗਾ।

266 ਅਤੇ ਲੋਕ ਆਖਣ, “ਆਮੀਨ।” ਪ੍ਰਮੇਸ਼ਵਰ ਤੁਹਾਨੂੰ ਬਰਕਤ ਦੇਵੇ। ਭਾਈ ਨੂੰ ਵਾਪਿਸ ਸੌਂਪਦਾ ਹਾਂ।

ਪ੍ਰਮੇਸ਼ਵਰ ਦਾ ਵਚਨ ਬੇਪ੍ਰਤੀਤੀ ਨਾਲੋ ਪੂਰੀ ਤਰਾਂ ਅਲੱਗ ਹੋਣ ਲਈ ਕਹਿੰਦਾ ਹੈ PUN64-0121

(God's Word Calls For A Total Separation From Unbelief)

ਇਹ ਸੰਦੇਸ਼ ਭਾਈ ਵਿਲਿਅਮ ਮੈਰਿਅਨ ਬ੍ਰਾਨਹਾਮ ਦਵਾਰਾ ਮੰਗਲਵਾਰ ਦੀ ਸ਼ਾਮ 21 ਜਨਵਰੀ, 1964 ਨੂੰ ਰਾਮਾਡਾ ਇੰਨ, ਫਿਨਿਕ੍ਸ ਏਰਿਜ਼ੋਨਾ, ਸੰਯੁਕਤ ਰਾਜ ਅਮਰੀਕਾ ਵਿੱਚ ਪ੍ਰਚਾਰ ਕੀਤਾ ਗਿਆ ਅਤੇ ਇਹ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿੱਚ ਬਿਨਾਂ ਕੁਝ ਘਟਾਏ ਵਧਾਏ ਛਾਪਿਆ ਗਿਆ ਹੈ । ਇਹ ਪੰਜਾਬੀ ਅਨੁਵਾਦ ਵਾਇਸ ਆਫ ਗੋਡ ਰਿਕਾਰਡਿੰਗਸ ਵਲੋਂ ਛਾਪਿਆ ਅਤੇ ਵੰਡਿਆ ਗਿਆ ਹੈ ।

PUNJABI

©2018 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

## Copyright notice

All rights reserved. This book may be printed on a home printer for personal use or to be given out, free of charge, as a tool to spread the Gospel of Jesus Christ. This book cannot be sold, reproduced on a large scale, posted on a website, stored in a retrieval system, translated into other languages, or used for soliciting funds without the express written permission of Voice Of God Recordings®.

For more information or for other available material, please contact:



Voice Of God Recordings

P.O. Box 950, Jeffersonville, Indiana 47131 U.S.A.

www.branham.org